# ਸਮਰਪਣ

ਧਰਮ ਭਰਾ, ਸ਼੍ਰਮਣੋਪਾਸਕ ਸ਼੍ਰੀ ਪੁਰਸ਼ੋਤਮ ਜੈਨ
ਮੰਡੀ ਗੋਬਿੰਦਗੜ੍ਹ
ਮਿਤੀ 31 ਮਾਰਚ, 2014

## ਪਿਆਰ ਸਹਿਤ ਭੇਂਟ



ਭੇਂਟ ਕਰਤਾ : ਰਵਿੰਦਰ ਜੈਨ, ਮਾਲੇਰਕੋਟਲਾ

ਪ੍ਰਕਾਸ਼ਕ :
26ਵੀਂ ਮਹਾਵੀਰ ਜਨਮ ਕਲਿਆਣਕ ਸ਼ਤਾਬਦੀ
ਸੰਯੋਜਿਕਾ ਸਮਿਤੀ, ਪੰਜਾਬ
ਮਹਾਵੀਰ ਸਟਰੀਟ, ਪੁਰਾਣਾ ਬਸ ਸਟੈਂਡ, ਕਲੱਬ ਚੌਂਕ,
ਮਾਲੇਰਕੋਟਲਾ, ਜਿਲ੍ਹਾ ਸੰਗਰੂਰ (ਪੰਜਾਬ)
www.jainworld.com

ਅਚਾਰਿਆ ਕੁੰਦਕੁੰਦ ਰਚਿਤ

# ਰਯਨਸਾਰ



ਪੰਜਾਬੀ ਅਨੁਵਾਦਕ
ਪਰਸ਼ੋਤਮ ਜੈਨ – ਰਵਿੰਦਰ ਜੈਨ

# ਅਨੁਵਾਦਕਾਂ ਵਲੋਂ ਬੇਨਤੀ

ਜੈਨ ਧਰਮ ਦੇ ਦੋ ਪ੍ਰਮੁੱਖ ਫਿਰਕੇ ਹਨ : ਦਿਗੰਬਰ (ਵਸਤਰ ਰਹਿਤ ਮੁਨੀਆਂ ਦਾ ਫਿਰਕਾ) ਅਤੇ ਸ਼ਵੇਤਾਂਬਰ (ਵਸਤਰ ਸਹਿਤ ਮੁਨੀਆਂ ਦਾ ਫਿਰਕਾ) । ਦਿਗੰਬਰ ਜੈਨ ਪਰੰਪਰਾ ਵਿਚ ਆਚਾਰਿਆ ਕੁੰਦਕੁੰਦ ਦਾ ਉਹੀ ਸਥਾਨ ਹੈ ਜੋ ਸ਼ਵੇਤਾਂਬਰ ਪਰੰਪਰਾ ਵਿਚ ਸਥੂਲੀਭੱਦਰ ਦਾ। ਕੁੰਦਕੁੰਦ ਆਚਾਰੀਆ ਨੂੰ ਦਿਗੰਬਰ ਪਰੰਪਰਾ ਵਿਚ ਭਗਵਾਨ ਮਹਾਂਵੀਰ, ਗਣਧਰ ਇੰਦਰਭੂਤੀ ਗੌਤਮ ਤੋਂ ਬਾਅਦ ਮੰਗਲ ਮੰਨਕੇ ਪੂਜਿਆ ਜਾਂਦਾ ਹੈ ।

ਅਚਾਰਿਆ ਕੁੰਦਕੁੰਦ ਦੇ ਜੀਵਨ ਬਾਰੇ ਵਿਸਥਾਰ ਨਹੀਂ ਮਿਲਦਾ । ਨੰਦੀ ਸੰਘ ਦੇ ਕੁਰਸੀਨਾਂਮੇ ਦੇ ਅਨੁਸਾਰ ਅਚਾਰਿਆ ਕੁੰਦਕੁੰਦ 106 ਈ. ਉਨ੍ਹਾਂ ਨੂੰ ਅਚਾਰਿਆ ਪਦ 158 ਈ. ਪੂ. ਉਨ੍ਹਾਂ ਦਾ ਸਵਰਗਵਾਸ ਹੋਣ ਦੀ ਸੂਚਨਾ ਮਿਲਦੀ ਹੈ । ਜੋ ਸਬੂਤ ਮਿਲਦੇ ਹਨ, ਉਸ ਅਨੁਸਾਰ ਆਪ ਦਾ ਨਾਂ ਪਦਮਨੰਦੀ ਸੀ । ਆਪਦੇ ਦਾਦਾਗੁਰੂ ਮਾਘਵਨੰਦੀ ਅਤੇ ਗੁਰੂ ਜਿਨ ਚੰਦ ਜੀ ਸਨ । ਤਾਮਿਲਨਾਡੂ ਦੇ ਕੋਂਡਕੁੰਡ ਨਾਂ ਦੇ ਪਿੰਡ ਵਿਚ ਹੀ ਆਪਦਾ ਮੂਲ ਨਿਵਾਸ ਸਥਾਨ ਅਤੇ ਤਪੱਸਿਆ ਸਥਾਨ ਰਿਹਾ ਹੈ ।

ਅਚਾਰਿਆ ਕੁੰਦਕੁੰਦ ਮਹਾਨ ਕਵਿ ਲੇਖਕ ਸਨ । ਆਪਨੇ ਸਮੇਂਸਾਰ ਜਿਹੇ ਮਹਾਨ ਗ੍ਰੰਥ ਲਿਖਿਆ । ਫੇਰ ਨਿਯਮਸਾਰ ਅਤੇ ਅੱਠ ਪਾਹੁੜ ਲਿਖਿਆ । ਆਪਨੇ ਸਾਰਾ ਜੀਵਨ ਤੀਰਥੰਕਰ ਪਰੰਪਰਾ ਦੇ ਸਿਧਾਤਾਂ ਨੂੰ ਸੰਭਾਲ ਕੇ ਰੱਖਿਆ । ਸ਼ਿਲਾਲੇਖਾਂ ਅਨੁਸਾਰ ਆਪਦਾ ਅਸਲ ਨਾਂ ਕੁੰਡਕੋਂਦ ਮਿਲਦਾ ਹੈ ।

ਇਸਦਾ ਸਬੂਤ ਰਾਇਨਸਾਰ ਗ੍ਰੰਥ ਤੋਂ ਮਿਲਦਾ ਹੈ । 63 ਗਾਥਾਵਾਂ ਵਾਲੇ ਸ਼ਲੋਕ ਵਿਚ ਸ਼੍ਰਾਵਕ ਅਤੇ ਮੁਨੀ ਧਰਮ ਦੇ ਮੁੱਖ ਕਰਤੱਵ, ਪੂਜਾ ਅਤੇ ਦਾਨ ਦਾ ਫਲ, ਦਾਨ ਦੇ ਲਈ ਸੁਪਾਤਰ, ਮੁਨੀਆਂ ਦੀ ਸੇਵਾ, ਨਿਰਮਲ ਦਰਵਾਂ ਦਾ ਸੇਵਨ ਕਰਨ ਦਾ ਫਲ, ਬਾਹਰੀ ਆਤਮਾ ਮਿੱਥਿਆਤਵ, ਭਗਤੀ, ਬਾਹਰੀ ਤਪ, ਮੁਨੀ ਦਾ ਬਾਹਰਾਲ ਭੇਖ ਹੀ ਨਹੀਂ ਹੋਰ ਵਿਸ਼ਿਆਂ ਉਪਰ ਰਤਨ ਤ੍ਰੈਅ ਦੀ ਦ੍ਰਿਸ਼ਟੀ ਤੋਂ ਚਾਨਣਾ ਪਾਇਆ ਹੈ ।

ਅਚਾਰਿਆ ਕੁੰਦਕੁੰਦ ਨੇ ਆਪਣੇ ਗੁਰੂ ਦਾ ਨਾਂ ਭੱਦਰਬਾਹੂ ਲਿਖਿਆ ਹੈ, ਪਰ ਉਹ ਕਿਹੜੇ ਭੱਦਰਬਾਹੂ ਹਨ ਸਪਸ਼ਟ ਵਰਨਣ ਨਹੀਂ ਮਿਲਦਾ ।

ਉਨ੍ਹਾਂ ਨੇ ਇਸ ਗ੍ਰੰਥ ਦੀ ਭਾਸ਼ਾ ਨੂੰ ਉਸ ਸਮੇਂ ਦੀ ਲੋਕ ਭਾਸ਼ਾ ਪ੍ਰਾਕ੍ਰਿਤ ਵਿਚ ਇਸ ਗ੍ਰੰਥ ਦੀ ਰਚਨਾ ਕੀਤੀ ਹੈ । ਇਹ ਅਨੁਵਾਦ ਪਹਿਲੀ ਵਾਰ ਪੰਜਾਬੀ ਭਾਸ਼ਾ ਵਿਚ ਹੋਇਆ ਹੈ, ਜਿਸ ਵਿਚ ਦਿਗੰਬਰ ਵਿਦਵਾਨਾਂ ਰਾਹੀਂ ਕੀਤੇ ਅਨੁਵਾਦ ਦੀ ਸਹਾਇਤਾ ਲਈ ਗਈ ਹੈ । ਫਿਰ ਵੀ ਕਿਸੇ ਗਲਤੀ ਲਈ ਅਨੁਵਾਦਕ ਸਿਰ ਝੁਕਾ ਕੇ ਮੁਆਫੀ ਮੰਗਦੇ ਹਨ ।

ਇਸ ਗ੍ਰੰਥ ਦੇ ਅਨੁਵਾਦ ਵਿਚ ਦੀ ਪ੍ਰੇਰਕਾ ਸੰਥਾਰਾ ਸਾਧਿਕਾ, ਉਪ ਪ੍ਰਵਰਤਨੀ ਸਾਧਵੀ ਸ਼੍ਰੀ ਸਵਰਨ ਕਾਂਤਾ ਜੀ ਮਹਾਰਾ ਦੀ ਪ੍ਰਮੁੱਖ ਚੇਲੀ ਉਪ ਪ੍ਰਵਰਤਨੀ ਸਾਧਵੀ ਸ਼੍ਰੀ ਸੁਧਾ ਜੀ ਮਹਾਰਾਜ ਹਨ ।

ਇਸ ਗ੍ਰੰਥ ਦੇ ਲਈ ਸਾਨੂੰ ਸਵਰਗਵਾਸੀ ਮੁਨੀ ਜੈਚੰਦ ਜੀ ਮਹਾਰਾਜ ਅਤੇ ਅਚਾਰਿਆ ਸ਼ਿਵ ਮੁਨੀ ਜੀ ਮਹਾਰਾਜ ਦਾ ਆਸ਼ੀਰਵਾਦ ਹਮੇਸ਼ਾ ਮਿਲਦਾ ਰਿਹਾ ਹੈ ।

ਆਸ ਹੈ ਪਾਠਕ ਇਸ ਰਚਨਾ ਵਿਚ ਪ੍ਰਿੰਟ ਵਿਚ ਰਹੀਆਂ ਗਲਤੀਆਂ ਵੱਲ ਧਿਆਨ ਨਹੀਂ ਦੇਣਗੇ।

31-3-2014
ਮੰਡੀ ਗੋਬਿੰਦਗੜ੍ਹ

ਸ਼ੁਭ ਚਿੰਤਕ
ਰਵਿੰਦਰ ਜੈਨ
ਪੁਰਸ਼ੋਤਮ ਜੈਨ



## ਅਚਾਰਿਆ ਕੁੰਦਕੁੰਦ ਰਚਿਤ

# ਰਯਨਸਾਰ

ਮੈਂ ਪਰਮਾਤਮਾ ਮਹਾਂਵੀਰ ਨੂੰ ਮਨ-ਬਚਨ-ਕਾਇਆ ਦੀ ਸ਼ੁੱਧਤਾ ਦੇ ਨਾਲ ਨਮਸਕਾਰ ਕਰਕੇ ਰਯਨਸਾਰ ਗ੍ਰੰਥ ਦੀ ਰਚਨਾ ਵਿਚ ਲਗਦਾ ਹਾਂ । ਗ੍ਰਹਿਸਥੀਆਂ ਅਤੇ ਮੁਨੀਆਂ ਦੇ ਧਰਮ ਦੀ ਵਿਆਖਿਆ ਕਰਨਾ ਹੀ ਇਸ ਗ੍ਰੰਥ ਦਾ ਕੇਂਦਰੀ ਵਿਸ਼ਾ ਹੈ । (1)

ਪਹਿਲੇ ਸਮੇਂ ਵਿਚ ਜਿਨੇਂਦਰ ਭਗਵਾਨ ਰਾਹੀਂ ਆਖੇ ਗਏ ਗਣਧਰਾਂ ਰਾਹੀਂ ਵਿਸਥਾਰ ਨਾਲ ਕੀਤੇ ਗਏ ਅਤੇ ਪਹਿਲਾਂ ਹੋਏ ਸੱਚ ਨੂੰ ਪੇਸ਼ ਕਰਨ ਵਾਲਾ ਮਨੁੱਖ ਹੀ ਸਮਿਯਕ ਦ੍ਰਿਸ਼ਟੀ ਹੈ ।(2)

ਜੋ ਮਨੁੱਖ ਜਿਨੇਂਦਰ ਭਗਵਾਨ ਦੇ ਕਥਨ ਨੂੰ ਆਪਣੇ ਮਤੀ ਸ਼ਰੁਤ ਵਿਚ ਗਿਆਨ ਦੇ ਆਧਾਰ ਤੇ ਮਨਮਾਨੀ ਵਿਆਖਿਆ ਕਰਦਾ ਹੈ । ਉਹ ਮਿੱਥਿਆ ਦ੍ਰਿਸ਼ਟੀ (ਗਲਤ ਤੇ ਝੂਠੇ ਵਿਚਾਰ) ਵਾਲਾ ਹੈ । ਉਨ੍ਹਾਂ ਰਾਹੀਂ ਕੀਤੀ ਵਿਆਖਿਆ ਜਿਨ ਮਾਰਗ ਵਿਚ ਜੁੜੇ ਮਨੁੱਖਾਂ ਰਾਹੀਂ ਕੀਤੀ ਗਈ ਵਿਆਖਿਆ ਨਹੀਂ । (3)

ਸਮਿਯਕ ਦਰਸ਼ਨ (ਸਹੀ ਵਿਸ਼ਵਾਸ਼ ਅਤੇ ਸ਼ਰਧਾ) ਨੂੰ ਮੋਕਸ਼ ਰੂਪੀ ਮਹਾਂ ਦਰੱਖਤ ਨੂੰ ਜੜ੍ਹ ਆਖਿਆ ਗਿਆ ਹੈ । ਇਹ ਸਾਰ ਭੂਤ ਰਤਨ ਹੈ । ਇਸਦੇ ਦੋ ਭੇਦ ਹਨ - ਨਿਸ਼ਚੈ ਸਮਿਯਕ ਦਰਸ਼ਨ ਅਤੇ ਵਿਵਹਾਰ ਸਮਿਯਕ ਦਰਸ਼ਨ (4)

ਨਿਰਦੋਸ਼ ਸਮਿਯਕ ਦ੍ਰਿਸ਼ਟੀ ਵਾਲਾ ਜੀਵ ਡਰ, ਬੁਰੀਆਂ ਆਦਤਾਂ ਅਤੇ ਦੋਸ਼ਾਂ ਤੋਂ ਰਹਿਤ ਹੁੰਦਾ ਹੈ । ਉਸ ਵਿਚ ਅੱਠ ਗੁਣ ਹੁੰਦੇ ਹਨ, ਉਹ ਪੰਜ ਪਰਮੇਸ਼ਟੀ (ਨਵਕਾਰ ਮੰਤਰ) ਦਾ ਭਗਤ ਹੁੰਦਾ ਹੈ । (5)

ਆਪਣੀ ਸੁੱਧ ਆਤਮਾ ਵਿਚ ਲਗਿਆ, ਬਾਹਰੀ ਆਤਮਾ ਅਵਸਥਾ ਤੋਂ ਪਰੇ ਅਤੇ ਜਿਨੇਂਦਰ ਦੇਵ, ਮੁਨੀ ਅਤੇ ਧਰਮ ਵਿਚ ਵਿਸ਼ਵਾਸ਼ ਰੱਖਣ ਵਾਲਾ ਗਿਆਨੀ ਮਨੁੱਖ ਹੀ ਸਮਿਯਕ ਦ੍ਰਿਸ਼ਟੀ ਹੈ, ਉਹ ਦੁੱਖਾਂ ਤੋਂ ਬਚਿਆ ਰਹਿੰਦਾ ਹੈ । (6)

ਜਿਨਾਂ ਮਨੁੱਖਾਂ ਵਿਚ ਹੰਕਾਰ, ਮੂਰਖਤਾਵਾਂ, ਅਨਾਯਤਨ, ਸ਼ੰਕਾ ਆਦਿ ਦੋਸ਼, ਬੁਰੀਆਂ ਆਦਤਾਂ, ਡਰ ਅਤੇ ਅਤਿਚਾਰ ਇਹ 44 ਦੋਸ਼ ਨਾਂ ਹੋਣ ਉਹ ਸਮਿਯਕ ਦ੍ਰਿਸ਼ਟੀ ਹੈ । (7)

ਸਮਿਯਕ ਦ੍ਰਿਸ਼ਟੀ ਉਪਾਸਕ ਦੋ ਗੁਣਾ ਭਗਤੀ ਅਤੇ ਵੈਰਾਗ ਨਾਲ ਭਰਪੂਰ ਹੁੰਦਾ ਹੈ । ਉਹ ਬੁਰੀਆਂ ਆਦਤਾਂ, ਡਰ, ਮਲ ਦੋਸ਼ ਅਤੇ ਅਤਿਚਾਰ ਨਹੀਂ ਹੁੰਦੇ । ਉਸ ਗੁਣਾਂ ਦੀ ਸੰਖਿਆ 77 ਆਖੀ ਗਈ ਹੈ। (8)

ਦੇਵ, ਗੁਰੂ ਅਤੇ ਆਤਮਾ ਦੇ ਭਗਤ, ਸੰਸਾਰ ਅਤੇ ਸ਼ਰੀਰ ਦੇ ਭੋਗਾਂ ਤੋਂ ਵਿਰੱਕਤ ਅਤੇ ਰਤਨ ਤ੍ਰੈ ਵਾਲਾ ਮਨੁੱਖ ਮੁਕਤੀ ਦਾ ਸੁੱਖ ਪ੍ਰਾਪਤ ਕਰਦੇ ਹਨ । (9)

ਸਮਿਯਕ ਦਰਸ਼ਨ ਹੋਣ ਤਾਂ ਦਾਨ, ਪੂਜਾ, ਸ਼ੀਲ, ਬਹੁਵਿਧ ਉਪਵਾਸ ਅਤੇ ਵਰਤ ਕਰਮ ਖਾਤਮੇ ਅਤੇ ਮੋਕਸ਼ ਦਾ ਕਾਰਨ ਬਣਦੇਹਨ । ਸਮਿਯਕ ਦਰਸ਼ਨ ਨਾ ਹੋਵੇ ਤਾਂ ਉਹ ਲੰਬੀ ਜਨਮ ਮਰਨ ਦਾ ਕਾਰਣ ਬਣ ਜਾਂਦੇ ਹਨ । (10)

ਉਪਾਸਕ ਦੇ ਧਰਮ ਵਿਚ ਦਾਨ ਤੇ ਪੂਜਾ ਪ੍ਰਮੁੱਖ ਹੈ । ਇਸਤੋਂ ਬਿਨਾ ਸ਼੍ਰਾਵਕ (ਉਪਾਸਕ) ਸ਼੍ਰਾਵਕ ਨਹੀਂ ਹੁੰਦਾ । ਇਸ ਪ੍ਰਕਾਰ ਮੁਨੀਆਂ ਦੇ ਧਰਮ ਵਿਚ ਧਿਆਨ ਤੇ ਅਧਿਐਨ ਮੁੱਖ ਹਨ । ਇਸਤੋਂ

ਬਿਨਾ ਮੁਨੀ ਨਹੀਂ ਅਖਵਾ ਸਕਦਾ (11)
ਜੋ ਸ਼੍ਰਾਵਕ ਦਾਨ ਨਹੀਂ ਦਿੰਦਾ, ਧਰਮ ਦਾ ਪਾਲਣ ਨਹੀਂ ਕਰਦਾ, ਨਿਆਂ ਪੂਰਬਕ ਭੋਗਾ ਨੂੰ ਨਾ ਭੋਗਣ ਵਾਲਾ ਬਾਹਰ ਆਤਮਾ ਹੈ। ਉਹ ਅਜਿਹਾ ਪਤੰਗਾ ਹੈ ਜੋ ਲੋਭ ਕੰਮਾਂ ਦੇ ਰੂਪੀ ਅੱਗ ਦੇ ਮੂੰਹ ਵਿਚ ਧੱਕੇ ਚੜ੍ਹ ਜਾਂਦਾ ਹੈ। (12)
ਜਿਨੇਂਦਰ ਦੇਵ ਦੀ ਸ਼ਕਤੀ ਅਨੁਸਾਰ ਪੂਜਾ ਕਰਨ ਵਾਲਾ ਮਨੁੱਖ ਸਮਿਯਕ ਦ੍ਰਿਸ਼ਟੀ ਪਰਮਾਤਮਾ ਅਤੇ ਮੁਕਤੀ ਮਾਰਗ ਵਿਚ ਲੱਗਿਆ ਸ਼ਾਵਕ ਹੈ। (13)
ਸ਼ੁੱਧ ਮਨ ਵਾਲਾ ਸ਼੍ਰਾਵਕ ਆਪਣੀ ਪੂਜਾ ਦੇ ਫਲਸਰੂਪ ਤਿੰਨ ਲੋਕਾਂ ਵਿਚ ਦੇਵਤਿਆਂ ਦੀ ਤਰ੍ਹਾਂ ਪੂਜਨੀਕ ਹੋ ਜਾਂਦਾ ਹੈ ਅਤੇ ਆਪਣੇ ਦਾਨ ਦੇ ਸਿੱਟੇ ਵਜੋਂ ਤਿੰਨ ਲੋਕ ਵਿਚ ਸੁੱਖਾਂ ਦਾ ਭੋਗਦਾ ਹੈ। (14)
ਸ਼੍ਰਾਵਕ ਤਾਂ ਜਿਨ ਮੁਦਰਾ (ਨਗਨ ਦਿਗੰਬਰ ਸਾਧੂ) ਨੂੰ ਵੇਖਕੇ ਭੋਜਨ ਦਾਨ ਕਰਨ ਨਾਲ ਧੰਨ ਹੋ ਜਾਂਦਾ ਹੈ। ਇੱਥੇ ਪਾਤਰ-ਅਪਾਤਰ ਦਾ ਵਿਚਾਰ ਕਰਨ ਦੀ ਕੋਈ ਜ਼ਰੂਰਤ ਨਹੀਂ ਹੈ ? (15)
ਜਿਨੇਂਦਰ ਦੇਵ ਦਾ ਕਥਨ ਹੈ ਕਿ ਸੁਪਾਤਰ ਨੂੰ ਦਾਨ ਦੇਣ ਨਾਲ ਭੋਗ ਭੂਮੀ ਦਾ, ਫੇਰ ਸਵਰਗ ਦਾ ਅਤੇ ਫੇਰ ਮੁਕਤੀ ਦਾ ਸੁੱਖ ਪ੍ਰਾਪਤ ਕਰਦਾ ਹੈ। (16)
ਜਿਸ ਪ੍ਰਕਾਰ ਚੰਗੇ ਖੇਤ ਵਿਚ ਯੋਗ ਸਮੇਂ ਤੇ ਬੀਜਿਆ ਗਿਆ ਚੰਗਾ ਬੀਜ ਵਿਸ਼ੇਸ਼ ਮਾਤਰਾ ਵਿਚ ਫਸਲ ਦਿੰਦਾ ਹੈ, ਉਸੇ ਪ੍ਰਕਾਰ ਸੁਪਾਤਰ ਨੂੰ ਦਿੱਤੇ ਦਾਨ ਦਾ ਫਲ ਹੁੰਦਾ ਹੈ। (17)
ਜੋ ਮਨੁੱਖ ਨਿਆਂ ਸੰਗਤ ਢੰਗ ਨਾਲ ਧਨ ਕਮਾਕੇ ਆਪਣੇ ਉਤਮ ਧਨ ਰੂਪੀ ਬੀਜ ਨੂੰ ਜਿਨੇਂਦਰ ਰਾਹੀਂ ਦੱਸੇਸ ੱਤਖ ੇਤਾਂ ( ਜੈਨਮ ੂਰਤੀ,ਜ ੈਨਮ ੰਦਰ,ਜ ੈਨਤ ੀਰਥਯ ਾਤਰਾ,ਤ ੀਰਥਕੰਰਾਂਦ ੇਪ ੰਜ ਕਲਿਆਣਾਕ, ਜੈਨ ਤੀਰਥਾਂ ਦੀ ਮੁਰੰਮਤ, ਜੈਨ ਸ਼ਾਸ਼ਤਰਾਂ ਦਾ ਪ੍ਰਕਾਸ਼ਨ, ਜਿਨ ਆਇਤਨ) ਵਿਚ ਬੀਜਦਾ ਹੈ ਉਹ ਤਿੰਨਾਂ ਲੋਕਾਂ ਦੇ ਰਾਜ ਰੂਪੀ ਫਲ ਦਾ ਅਤੇ ਫੇਰ ਪੰਚਕਲਿਆਣਕ ਰੂਪੀ ਫਲ ਦਾ ਭੋਗ ਕਰਦਾ ਹੈ। (18)
ਸੰਸਾਰ ਦੇ ਸਾਰੇ ਸਾਰ ਸੁੱਖਾਂ, ਮਾਤਾ, ਪਿਤਾ, ਪੁੱਤਰ, ਮਿੱਤਰ, ਪਤਨੀ, ਧਨ, ਅਨਾਜਾਂ, ਮਕਾਨ, ਸਵਾਰੀ ਅਤੇ ਸੰਪਤੀ ਨੂੰ ਸੁਪਾਤਰ ਨੂੰ ਦਿੱਤੇ ਗਏ ਦਾਨ ਦਾ ਫਲ ਸਮਝਣਾ ਚਾਹੀਦਾ ਹੈ। (19)
ਸਤਅੰਗਰ ੂਪੀਰ ਾਜ,ਨ ੌ ਿਨਧੀਆਂ,ਖ ਜਾਨਾ,6 ਪ ੍ਰਕਾਰਦ ੀਸ ੈਨਾ,1 4ਰ ਤਨ,9 6000 ਇਸਤਰੀਆਂ ਅਤੇ ਸੰਪਤੀ ਇਨ੍ਹਾਂ ਸਭ ਨੂੰ ਸੁਪਾਤਰ ਦਾਨ ਦਾ ਫਲ ਸਮਝੋ। (20)
ਸੁਪਾਤਰ ਨੂੰ ਦਿੱਤਾ ਗਿਆ ਦਾਨ ਦਾ ਫਲ ਮਨੁੱਖ ਨੂੰ ਉਤਮ ਕੁਲ, ਉਤਮ ਰੂਪ, ਉਤਮ ਲੱਛਣ, ਉਤਮ ਬੁੱਧੀ, ਉਤਮ ਸਿੱਖਿਆ, ਉਤਮ ਸੁਭਾਅ, ਉਤਮ ਗੁਣ, ਉਤਮ ਚਰਿੱਤਰ, ਸਭ ਪ੍ਰਕਾਰ ਦੇ ਸੁੱਖ ਅਤੇ ਸੰਪਤੀ ਪ੍ਰਾਪਤ ਹੁੰਦੀ ਹੈ।(21)
ਜਿਨੇਂਦਰ ਦੇਵ ਦਾ ਕਥਨ ਹੈ ਜੋ ਮਨੁੱਖ ਮੁਨੀ ਦੇ ਭੋਜਨ ਤੋਂ ਬਚੇ ਹੋਏ ਅੰਨ ਦਾ ਭੋਜਨ ਕਰਦਾ ਹੈ ਉਹ ਸੰਸਾਰ ਦੇ ਸਾਰ ਭੂਤ ਸੁੱਖਾਂ ਅਤੇ ਮੁਕਤੀ ਨੂੰ ਪ੍ਰਾਪਤ ਕਰਦਾ ਹੈ। (22)
ਠੰਡ ਜਾਂ ਗਰਮੀ (ਕਾਲ) ਦਾਨ ਲੈਣ ਵਾਲੇ ਦੀ ਬਾਤਪਿੱਤ, ਕਫ, ਪ੍ਰਕ੍ਰਿਤੀ, ਮੇਹਨਤ, ਰੋਗ, ਕਾਯਾ (ਤਪ ਦੀ ਇਕ ਕਿਸਮ) ਕਲੇਸ਼ ਅਤੇ ਵਰਤ ਆਦਿ ਦਾ ਵਿਵੇਕ ਰੱਖਦੇ ਹੋਏ ਦਾਨ ਦਿੱਤਾ ਜਾਂਦਾ ਹੈ।(23)
ਮੁਕਤੀ ਮਾਰਗ ਵਿਚ ਲੱਗੇ ਮਨੁੱਖ ਸੁਪਾਤਰ ਨੂੰ ਉਸਦੀ ਜ਼ਰੂਰਤ ਅਨੁਸਾਰ ਚੰਗਾ ਅਤੇ ਠੀਕ ਮਾਤਰਾ ਵਿਚ ਭੋਜਨ, ਪਾਣੀ, ਨਿਰਦੋਸ਼ ਦਵਾਈ ਅਤੇ ਠੀਕ ਸਥਾਨ, ਸੌਣ ਅਤੇ ਆਸਨ ਦੇ ਉਪਕਰਨ ਦਾਨ



ਦਿੰਦੇ ਹਨ। (24)
ਜਿਵੇਂ ਲੋਕ ਵਿਚ ਮਾਂ-ਪਿਉ, ਗਰਭ ਦੇ ਬੱਚੇ ਦੀ ਸਾਵਧਾਨੀ ਨਾਲ ਪਾਲਣਾ ਕਰਦੇ ਹਨ, ਉਸੇ ਤਰ੍ਹਾਂ ਮੁਨੀਆਂ ਦੀ ਪ੍ਰਕ੍ਰਿਤੀ ਆਦਿ ਨੂੰ ਜਾਣਕੇ ਉਨ੍ਹਾਂ ਦੀ ਸੇਵਾ ਲਈ ਹਮੇਸ਼ਾ ਆਲਸ ਰਹਿਤ ਹੋ ਕੇ ਕਰਨੀ ਚਾਹੀਦੀ ਹੈ। (25)
ਮਹਾਂਪੁਰਸ਼ਾਂ ਨੂੰ ਦਿੱਤਾ ਦਾਨ, ਕਲਪ ਬਿਰਖ ਦੇ ਫਲਾਂ ਦੀ ਤਰ੍ਹਾਂ ਸ਼ੋਭਾ ਅਤੇ ਲੋਭੀਆਂ ਦਾ ਦਾਨ ਅਰਥੀ ਤੇ ਪਏ ਸਮਾਨ ਮੁਰਦੇ ਦੀ ਤਰ੍ਹਾਂ ਜਾਣਨਾ ਚਾਹੀਦਾ ਹੈ। (26)
ਯਸ਼, ਕੀਰਤੀ ਅਤੇ ਪੁੰਨ ਲਾਭ ਦਾ ਲੋਭੀ ਮਨੁੱਖ ਜਿੱਥੇ ਕਿਤੇ ਦਾਨ ਦਿੰਦਾ ਫਿਰਦਾ ਹੈ, ਉਹ ਸਮਿਯਕਤਵ ਆਦਿ ਗੁਣਾਂ ਦੇ ਸਵਾਮੀ ਸੁਪਾਤਰ ਨੂੰ ਜਾਣਦਾ ਹੀ ਨਹੀਂ। (27)
ਇਸ ਪੰਚਮ ਕਾਲ (ਕਲਯੁਗ) ਵਿਚ ਭਾਰਤ ਖੇਤਰ ਵਿਚ ਜੰਤਰ ਮੰਤਰ ਤੰਤਰ, ਸੇਵਾ, ਪੱਖਪਾਤ, ਪਿਆਰੇ ਵਚਨ ਅਤੇ ਮਾਨ-ਇੱਜ਼ਤ ਦੇ ਲਈ ਲੋਕ ਦਾਨ ਕਰਦੇ ਹਨ, ਅਜਿਹਾ ਕੋਈ ਵੀ ਦਾਨ ਮੁਕਤੀ ਦਾ ਕਾਰਨ ਨਹੀਂ ਹੋ ਸਕਦਾ। (28)
ਪਿਛਲੇ ਬੀਤੇ ਕਰਮਫਲ ਦੇ ਕਾਰਨ ਦਾਨੀ ਮਨੁੱਖ ਦਲਿੱਦਰ ਅਤੇ ਲੋਭੀ ਮਨੁੱਖ ਮਹਾਨ ਅਮੀਰ ਹੋ ਸਕਦੇ ਹਨ। (29)
ਜਿਸ ਪ੍ਰਕਾਰ ਧਨ, ਅਨਾਜ ਆਦਿ ਦੇ ਵਾਧੇ ਨਾਲ ਸਭ ਜੀਵਾਂ ਨੂੰ ਸੁੱਖ ਮਿਲਦਾ ਹੈ, ਉਸੇ ਤਰ੍ਹਾਂ ਮੁਨੀਆਂ ਨੂੰ ਦਾਨ ਦੇਣ ਵਿਚ ਵਾਧਾ ਹੋਣ ਤੇ ਸਭ ਜੀਵਾਂ ਨੂੰ ਸੁੱਖ ਮਿਲਦਾ ਹੈ। ਮੁਨੀਆਂ ਨੂੰ ਦਾਨ ਨਾ ਦਿੱਤਾ ਜਾਵੇ ਤਾਂ ਜੀਵ ਨੂੰ ਦੁੱਖ ਪਹੁੰਚਦਾ ਹੈ।(30)
ਸੁਪਾਤਰ ਦੇ ਬਿਨਾ ਦਾਨ, ਪੁੱਤਰ ਤੋਂ ਬਿਨਾਂ ਭਰਪੂਰ ਧਨ, ਜਮੀਨ ਅਤੇ ਜਾਇਦਾਦ, ਭਾਵ ਤੋਂ ਬਿਨਾਂ ਵਰਤ, ਗੁਣ ਅਤੇ ਚਰਿੱਤਰ ਵਿਅਰਥ ਹੈ। (31)
ਜਿਨੇਂਦਰ ਭਗਵਾਨ ਦਾ ਕਥਨ ਹੈ ਕਿ ਮੰਦਰ ਦੀ ਮੁਰੰਮਤ, ਪ੍ਰਤਿਸ਼ਠਾ, ਜਿਨ ਪੂਜਾ, ਤੀਰਥ ਵੰਦਨਾ ਆਦਿ ਦੇ ਲਈ ਧਨ ਨੂੰ ਆਪਣੇ ਨਿੱਜੀ ਪ੍ਰਯੋਗ ਵਿਚ ਲੈਣ ਵਾਲੇ ਮਨੁੱਖ ਨੂੰ ਨਰਕ ਦੇ ਦੁੱਖ ਝੇਲਣੇ ਪੈਂਦੇ ਹਨ। (32)
ਜੋ ਮਨੁੱਖ ਪੂਜਾ, ਦਾਨ ਆਦਿ ਦੇ ਦ੍ਰਵ ਵਿਚ ਹੇਰਾਫੇਰੀ ਕਰਦਾ ਹੈ, ਉਹ ਦਰਿੱਦਰ, ਲੰਗੜਾ, ਗੂੰਗਾ, ਬਹਿਰਾ, ਬੋਲਾ, ਅੰਨਾ, ਚੰਡਾਲ ਅਤੇ ਇਸਤਰੀ-ਪੁੱਤਰ ਰਹਿਤ ਮਨੁੱਖ ਦੇ ਰੂਪ ਵਿਚ ਜਨਮ ਲੈਂਦਾ ਹੈ। (33)
ਜੋ ਮਨੁੱਖ ਪੂਜਾ, ਦਾਨ ਆਦਿ ਦੇ ਦ੍ਰਵ ਵਿਚ ਹੇਰਾਫੇਰੀ ਕਰਦਾ ਹੈ, ਉਸ ਨੂੰ ਮਨ ਇੱਛਤ ਫਲ ਪ੍ਰਾਪਤ ਨਹੀਂ ਹੁੰਦਾ। ਜੇ ਪ੍ਰਾਪਤ ਹੋ ਵੀ ਜਾਵੇ ਤਾਂ ਉਹ ਉਸਨੂੰ ਭੋਗ ਨਹੀਂ ਸਕਦਾ। ਕਿਉਂਕਿ ਉਹ ਬੀਮਾਰੀਆਂ ਦਾ ਘਰ ਬਣ ਜਾਂਦਾ ਹੈ। (34)
ਜੋ ਮਨੁੱਖ ਪੂਜਾ, ਦਾਨ ਆਦਿ ਦੇ ਦ੍ਰਵ ਵਿਚ ਹੇਰਾਫੇਰੀ ਕਰਦਾ ਹੈ, ਉਸ ਨੂੰ ਹੱਥ, ਪੈਰ, ਨੱਕ, ਕੰਨ, ਬੱਖੀ, ਉਂਗਲਾਂ ਅਤੇ ਨਜ਼ਰ ਤੋਂ ਰਹਿਤ ਹੋਣਾ ਪੈਂਦਾ ਹੈ ਅਤੇ ਘੋਰ ਦੁੱਖ ਸਹਿਣੇ ਪੈਂਦੇ ਹਨ। (35)
ਤਪੇਦਿਕ, ਕੋਹੜ, ਮੂਲ ਵਿਆਧੀ (ਬਿਮਾਰੀ), ਵਾਤਰੋਗ, ਭਗੰਦਰ,ਜਲੋਧਰ, ਅੱਖ ਤੇ ਸਿਰ ਦੇ ਰੋਗ ਅਤੇ ਗਰਮੀ ਤੋਂ ਹੋਣ ਵਾਲਾ ਸਨੀਪਾਤ ਆਦਿ ਰੋਗ ਪੂਜਾ, ਦਾਨ ਆਦਿ ਧਰਮ ਦੇ ਕੰਮ ਵਿਚ ਲੱਗੇ ਹੋਏ ਅੰਤਰਾਏ (ਰੁਕਾਵਟ ਦਾ ਕਾਰਨ) ਕਰਮ ਦਾ ਫਲ ਹੈ। (36)
ਸ਼ਰੁਤ ਭੇਦ, ਸਵਾਧਿਆਏ ਅਤੇ ਦੇਵ ਸ਼ਾਸ਼ਤਰ, ਗੁਰੂ ਦੀ ਵੰਦਨਾ ਵਿਚ ਰੁਕਾਵਟ ਪਾਉਣ ਵਾਲਾ ਨਰਕ, ਪਸ਼ੂ ਵਿਰਤੀ ਆਦਿ ਭੈੜੀ ਗਤੀ, ਗਰੀਬੀ, ਵਿਕਲਾਂਗਤਾ, ਹਾਨੀ ਅਤੇ ਦੁੱਖ ਦੇ ਰੂਪ ਨੂੰ

ਪ੍ਰਾਪਤ ਹੁੰਦਾ ਹੈ। (37)
ਇਸ ਭਰਤ ਖੇਤਰ ਵਿਚ ਦੁੱਖਮ ਪੰਜਵੇਂ ਕਾਲ ਵਿਚ ਮਨੁੱਖ ਦੇ ਸਮਿਯਕਤਵ ਦੀ ਸ਼ੁੱਧਤਾ ਵਿਚ ਤਪ, ਗੁਣ, ਚਰਿੱਤਰ, ਸਮਿਯਕ ਗਿਆਨ ਅਤੇ ਦਾਨ ਵਿਚ ਨਿਸ਼ਚੈ ਹੀ ਘਾਟ ਹੈ। (38)
ਜਿਨੇਂਦਰ ਦੇਵ ਦਾ ਕਥਨ ਹੈ ਕਿ ਜੋ ਮਨੁੱਖ ਨਾ ਦਾਨ ਦਿੰਦੇ ਹਨ, ਨਾ ਪੂਜਾ ਕਰਦੇ ਹਨ, ਨਾ ਗੁਣ ਧਾਰਨ ਕਰਦੇ ਹਨ ਅਤੇ ਨਾ ਸ਼ੀਲ ਅਤੇ ਚਰਿੱਤਰ ਦਾ ਪਾਲਣ ਕਰਦੇ ਹਨ, ਉਹ ਅਗਲੇ ਜਨਮ ਵਿਚ ਨਰਕ, ਭੈੜੀ ਗਤੀ ਅਤੇ ਪਸ਼ੂ ਹੁੰਦੇ ਹਨ। (39)
ਜੋ ਮਨੁੱਖ ਕਰਨਯੋਗ, ਨਾ ਕਰਨਯੋਗ ਚੰਗਾ ਅਤੇ ਮਾੜਾ ਪੁੰਨ ਪਾਪ, ਤਤਵ-ਅਤੱਤਵ, ਧਰਮ-ਅਧਰਮ ਨੂੰ ਨਹੀਂ ਜਾਣਦਾ ਉਹ ਨਿਸ਼ਚੈ ਹੀ ਸਮਿਯਕਤਵ (ਸਮਿਯਕ ਦਰਸ਼ਨ) ਤੋਂ ਰਹਿਤ ਹੁੰਦਾ ਹੈ। (40)
ਜੋ ਮਨੁੱਖ ਯੋਗ-ਅਯੋਗ, ਨਿੱਤ-ਅਨਿੱਤ, ਗ੍ਰਹਿਣ ਕਰਨ ਯੋਗ, ਨਾ ਗ੍ਰਹਿਣ ਕਰਨ ਯੋਗ, ਸੱਚ-ਝੂਠ ਅਤੇ ਭਵਯ (ਤਰਨਹਾਰ ਜੀਵ) ਅਤੇ ਅਭਵਯ (ਨਾ ਤਰਨਹਾਰ) ਨੂੰ ਨਹੀਂ ਜਾਣਦਾ ਉਹ ਸਮਿਯਕਤਵ ਤੋਂ ਰਹਿਤ ਹੈ। (41)
ਮਨੁੱਖ ਸੰਸਾਰਿਕ ਲੋਕਾਂ ਦੀ ਸੰਗਤ ਵਿਚ ਪੈਕੇ ਬਹੁਤੀਆਂ ਗੱਲਾਂ ਕਰਨ ਵਾਲੇ ਧੋਖੇਬਾਜ਼ ਅਤੇ ਬੁਰੀ ਸੋਚ ਵਾਲਾ ਹੋ ਜਾਂਦਾ ਹੈ। ਇਸ ਲਈ ਲੋਕਾਂ ਨੂੰ ਅਜਿਹੇ ਮਨੁੱਖਾਂ ਦੀ ਸੰਗਤ ਨੂੰ ਭਲੀ-ਭਾਂਤੀ ਦੇਖਕੇ ਮਨ, ਵਚਨ, ਕਾਇਆ ਤੋਂ ਛੱਡ ਦੇਣਾ ਚਾਹੀਦਾ ਹੈ। (42)
ਜੋ ਵਿਅਕਤੀ ਤੇਜ਼, ਤਿੱਖੇ ਸੁਭਾਅ ਵਾਲਾ, ਦੁਸ਼ਟ, ਬੁਰੀਆਂ ਭਾਵਨਾਵਾਂ ਵਾਲਾ, ਝੂਠੇ ਸ਼ਾਸ਼ਤਰਾਂ ਨੂੰ ਸੁਣਨ ਵਾਲਾ, ਮਾੜੀ ਭਾਸ਼ਾ ਬੋਲਣ ਵਾਲਾ, ਹੰਕਾਰ ਵਿਚ ਲੱਗਿਆ ਹੋਇਆ ਅਤੇ ਆਤਮ ਧਰਮ ਦਾ ਵਿਰੋਧੀ ਹੈ, ਉਹ ਸਮਿਯਕ ਦਰਸ਼ਨ ਤੋਂ ਰਹਿਤ ਹੈ। (43)
ਜੋ ਵਿਅਕਤੀ ਘਟੀਆ ਹੈ, ਗੁੱਸੇ ਵਾਲਾ ਹੈ, ਦੂਸਰੇ ਦਾ ਮਾੜਾ ਕਰਨ ਵਾਲਾ ਚੁਗਲਖੋਰ ਹੈ, ਹੰਕਾਰੀ, ਈਰਖਾਲੂ, ਗਾ ਕੇ ਗੁਜ਼ਾਰਾ ਕਰਨ ਵਾਲਾ, ਮੰਗਣ ਵਾਲਾ, ਲੜਨ ਵਾਲਾ ਅਤੇ ਦੂਜਿਆਂ ਤੇ ਦੋਸ਼ ਮੜਨ ਵਾਲਾ ਹੈ, ਉਹ ਸਮਿਯਕਤਵ ਤੋਂ ਰਹਿਤ ਹੈ। (44)
ਬਾਂਦਰ, ਗਧਾ, ਕੁੱਤਾ, ਹਾਥੀ, ਬਾਘ, ਸੂਰ, ਕੱਛੂ, ਮੱਖੀ ਅਤੇ ਜੋਂਕ ਦੀ ਸੁਭਾਅ ਵਾਲੇ ਮਨੁੱਖ ਜਿਨੇਂਦਰ ਦੇਵ ਦੇ ਧਰਮ ਦੇ ਵਿਨਾਸ਼ਕ ਹਨ। (45)
ਜਿਨੇਂਦਰ ਦੇਵ ਦਾ ਕਥਨ ਹੈ ਕਿ ਸਮਿਯਕ ਦਰਸ਼ਨ ਤੋਂ ਬਿਨਾ ਨਾ ਤਾਂ ਸਮਿਯਕ ਗਿਆਨ ਹੋ ਸਕਦਾ ਹੈ ਅਤੇ ਨਾ ਹੀ ਸਮਿਯਕ ਚਰਿੱਤਰ। ਇਸ ਲਈ ਰਤਨ ਤ੍ਰੈ ਵਿਚ ਸਮਿਯਕ ਦਰਸ਼ਨ ਉਚਾ ਹੈ ਅਤੇ ਇਹੋ ਸਮਿਯਕ ਦਰਸ਼ਨ ਦੀ ਬੁਨਿਆਦ ਹੈ। (46)
ਮਿੱਥਿਆ (ਝੂਠਾ) ਤਪ, ਮਿੱਥਿਆ ਭੇਖ, ਮਿੱਥਿਆ ਗਿਆਨ, ਮਿੱਥਿਆ ਵਰਤ, ਮਿੱਥਿਆ ਸ਼ੀਲ, ਮਿੱਥਿਆ ਦ੍ਰਿਸ਼ਟੀ, ਮਿੱਥਿਆ ਸ਼ਾਸਤਰ ਅਤੇ ਮਿੱਥਿਆ ਨਮਿੱਤ ਦੀ ਤਾਰੀਫ (ਉਸਤਤੀ) ਅਤੇ ਪ੍ਰਸ਼ੰਸ਼ਾ ਕਰਨ ਵਾਲੇ ਦੀ ਨਿਸ਼ਚੈ ਹੀ ਸਮਿਕਯਤਵ ਦੀ ਹਾਨੀ ਹੁੰਦੀ ਹੈ। (47)
ਜਿਵੇਂ ਕੋਹੜੀ ਮਨੁੱਖ ਤੋਂ ਵੰਸ਼ ਪਰੰਪਰਾ ਨਸ਼ਟ ਹੋ ਜਾਂਦੀ ਹੈ, ਉਸੇ ਪ੍ਰਕਾਰ ਮਿੱਥਿਆਤਵ ਤੋਂ ਆਤਮਾ ਦੇ ਦਾਨ ਆਦਿ ਚੰਗੇ ਗੁਣ ਅਤੇ ਸਦਗਤੀ ਦਾ ਵਿਨਾਸ਼ ਹੁੰਦਾ ਹੈ। ਮਿੱਥਿਆਤਵ ਮਨੁੱਖ ਲਈ ਬਹੁਤ ਕਸ਼ਟਕਾਰੀ ਹੈ। (48)
ਦੇਵ, ਗੁਰੂ ਧਰਮ, ਗੁਣ, ਚਰਿੱਤਰ, ਤਪਾਚਾਰ, ਮੋਕਸ਼ ਗਤੀ ਦੇ ਰਹੱਸ ਅਤੇ ਜਿਨਦੇਵ ਦੇ ਬਚਨ ਭਲਾ ਕੀ ਸਮਿਯਕ ਦ੍ਰਿਸ਼ਟੀ ਤੋਂ ਬਿਨਾਂ ਵੇਖੇ ਜਾਂ ਜਾਣੇ ਜਾ ਸਕਦੇ ਹਨ ? (49)



ਮਿੱਥਿਆ ਦ੍ਰਿਸ਼ਟੀ ਮਨੁੱਖ ਮੁਕਤੀ ਪ੍ਰਾਪਤੀ ਦੇ ਲਈ ਪਲ ਭਰ ਵੀ ਆਪਣੀ ਆਤਮਾ ਦੇ ਸੁਭਾਅ ਦਾ ਚਿੰਤਨ ਨਹੀਂ ਕਰਦਾ। ਉਹ ਤਾਂ ਆਪਣੇ ਮਨ ਵਿਚ ਲਗਾਤਾਰ ਆਪਣੇ ਪਾਪ ਦਾ ਚਿੰਤਨ ਕਰਦਾ ਹੈ ਅਤੇ ਉਹ ਹੋਰਾਂ ਬਾਰੇ ਸੋਚਦਾ ਰਹਿੰਦਾ ਹੈ। (50)
ਮਿੱਥਿਆ ਦ੍ਰਿਸ਼ਟੀ ਮਨੁੱਖ ਮੋਹ ਰੂਪੀ ਸ਼ਰਾਬ ਵਿਚ ਮਸਤ ਹੋ ਕੇ, ਭੁਲੱਕੜ ਦੀ ਤਰ੍ਹਾਂ ਕੁੱਝ ਨਾ ਕੁੱਝ ਬੋਲਦਾ ਰਹਿੰਦਾ ਹੈ, ਇਸ ਲਈ ਉਹ ਆਤਮਾ ਅਤੇ ਉਸਦੇ ਸਮ ਭਾਵ ਨੂੰ ਨਹੀਂ ਸਮਝਦਾ। (51)
ਮਨੁੱਖ ਦਾ ਉਪਸ਼ਮ ਭਾਵ ਉਸਦੇ ਪਿਛਲੇ ਕੀਤੇ ਕਰਮਾਂ ਦਾ ਖਾਤਮਾ ਕਰਦਾ ਹੈ, ਨਵੇਂ ਕਰਮਾਂ ਦੇ ਪ੍ਰਵੇਸ਼ ਨੂੰ ਰੋਕਦਾ ਹੈ। ਭਾਵ ਸੰਬਰ ਕਰਦਾ ਹੈ। ਉਹ ਮਨੁੱਖ ਦੋਵੇਂ ਲੋਕਾਂ ਵਿਚ ਮਹਾਨਤਾ ਨੂੰ ਪ੍ਰਾਪਤ ਕਰਦਾ ਹੈ। (52)
ਸਮਿਯਕ ਦ੍ਰਿਸ਼ਟੀ ਦਾ ਸਮਾਂ, ਵੈਰਾਗ ਅਤੇ ਗਿਆਨ ਭਾਵ ਵਿਚ ਅਤੇ ਮਿਥਿਆ ਦ੍ਰਿਸ਼ਟੀ ਦਾ ਸਮਾਂ, ਇੱਛਾਵਾਂ, ਬੁਰੀਆਂ ਭਾਵਨਾਵਾਂ, ਆਲਸ ਅਤੇ ਕਲੇਸ਼ ਵਿਚ ਗੁਜ਼ਰਦਾ ਹੈ। (53)
ਅੱਜ ਦੇ ਇਸ ਅਵਸੂਪਿਣੀ ਕਾਲ ਵਿਚ ਭਾਰਤ ਖੇਤਰ ਵਿਚ ਰੋਦਰ ਅਤੇ ਆਰਤ (ਮਾੜੇ) ਧਿਆਨ ਵਾਲੇ ਵਿਨਾਸ਼ਕ, ਦੁਸ਼ਟ, ਕਸ਼ਟ ਦੇਣਾ ਵਾਲੇ, ਪਾਪੀ ਅਤੇ ਕ੍ਰਿਸ਼ਨ, ਨੀਲ, ਕਪੋਤ (ਬੁਰੀਆਂ) ਲੇਸ਼ਆ ਵਾਲੇ ਮਨੁੱਖ ਜ਼ਿਆਦਾ ਵੇਖੇ ਜਾਂਦੇ ਹਨ। (54)
ਅੱਜ ਦੇ ਇਸ ਅਵਸੂਪਿਣੀ ਕਾਲ ਵਿਚ ਭਾਰਤ ਖੇਤਰ ਵਿਚ ਮਿੱਥਿਯਾਦ੍ਰਿਸ਼ਟੀ ਜੀਵ ਤਾਂ ਅਰਾਮ ਨਾਲ ਮਿਲ ਜਾਂਦੇ ਹਨ, ਸਮਿਯਕ ਦ੍ਰਿਸ਼ਟੀ ਗ੍ਰਹਿਸਥ ਅਤੇ ਮਨੀ ਦੁਰਲਭ ਹਨ। (55)
ਜਿਨੇਂਦਰ ਦੇਵ ਦਾ ਕਥਨ ਹੈ ਕਿ ਭਾਰਤ ਖੇਤਰ ਵਿਚ ਅੱਜ ਦੇ ਇਸ ਅਵਸਰਪਿਣੀ ਕਾਲ ਵਿਚ ਵੀ ਪ੍ਰਮਾਦ ਰਹਿਤ ਧਰਮ ਧਿਆਨ ਸੰਭਵ ਹੈ। ਜੋ ਅਜਿਹਾ ਨਹੀਂ ਮੰਨਦਾ, ਉਹ ਨਿਸ਼ਚੈ ਹੀ ਮਿਥਿਆ ਦ੍ਰਿਸ਼ਟੀ ਹੈ। (56)
ਉਹ ਅਸ਼ੁਭ ਭਾਵਾਂ ਤੋਂ ਨਰਕ ਦੀ ਉਮਰ ਅਤੇ ਸ਼ੁਭ ਭਾਵਾਂ ਤੋਂ ਸਵਰਗ ਦੀ ਉਮਰ ਅਤੇ ਸਵਰਗ ਦਾ ਸੁੱਖ ਪ੍ਰਾਪਤ ਹੁੰਦਾ ਹੈ। ਇਸ ਪ੍ਰਕਾਰ ਦੁੱਖ-ਸੁੱਖ ਭਾਵਾਂ ਨੂੰ ਜਾਣੋ ਅਤੇ ਜੋ ਤੁਹਾਨੂੰ ਚੰਗਾ ਲੱਗੇ ਉਹ ਕਰੋ। (57)
ਅਹਿੰਸਾ, ਕ੍ਰੋਧ, ਮਿੱਥਿਆ, ਗਿਆਨ , ਪੱਖਪਾਤ, ਨਿੰਦਾ, ਹੰਕਾਰ, ਬੁਰੇ ਵਿਚਾਰ, ਅਸ਼ੁਭ ਲੇਸ਼ਿਆਮਾ, ਅਕਥਾਵਾਂ (ਮਾੜੀਆਂ), ਰੋਦਰ ਆਰਤ ਧਿਆਨ, ਈਰਖਾ, ਅਸੰਜਮ, ਸੱਲਯ ਅਤੇ ਹੰਕਾਰ ਵਿਚ ਗੁਜਰਨਾ ਅਸ਼ੁਭ ਭਾਵ ਹਨ। (58, 59)
ਛੇ ਦ੍ਰਵ, ਪੰਜ ਆਸਤੀਕਾਏ, ਸੱਤ ਤੱਤ, ਨੌ ਪਦਾਰਥ, ਬੰਧ ਅਤੇ ਮੋਕਸ਼ ਦਾ ਕਾਰਨ ਬਾਰਾਂ ਅਨੁਪ੍ਰੇਕਸ਼ਾਵਾਂ, ਰਤਨ ਤ੍ਰੈ ਸਰੂਪ, ਆਰੀਆ ਕਰਮ ਅਤੇ ਦਿਆ ਆਦਿ ਸੱਚੇ ਧਰਮ ਵਿਚ ਜੁੜਨਾ ਸ਼ੁਭ ਭਾਵ ਹਨ। (60, 61)
ਸਮਿਯਕਤਵ ਤੋਂ ਚੰਗੀ ਗਤੀ ਅਤੇ ਮਿਥਿਆਤਵ ਤੋਂ ਬੁਰੀ ਗਤੀ ਪ੍ਰਾਪਤ ਹੁੰਦੀ ਹੈ, ਇਸ ਤਰ੍ਹਾਂ ਜਾਣੋ ਅਤੇ ਜੋ ਚੰਗਾ ਲੱਗੇ ਉਹ ਕਰੋ, ਜ਼ਿਆਦਾ ਆਖਣ ਦਾ ਕੋਈ ਲਾਭ ਨਹੀਂ। (62)
ਇਹ ਆਤਮਾ ਕਠੋਰ ਵਰਤ, ਉਪਵਾਸ ਆਦਿ ਨੂੰ ਅਨੇਕਾਂ ਵਾਰ ਕਰਦੀ ਹੈ, ਪਰ ਮੋਹ ਨੂੰ ਨਸ਼ਟ ਨਹੀਂ ਕਰਦੀ ਜਦ ਨਿਸ਼ਚਿਤ ਹੈ ਮੌਤ ਨੂੰ ਨਸ਼ਟ ਕੀਤੇ ਬਿਨਾਂ ਸੰਸਾਰ ਰੂਪੀ ਸਮੁੰਦਰ ਦਾ ਕਿਨਾਰਾ ਨਹੀਂ ਮਿਲਦਾ ਤਾਂ ਇਹ ਮੂਰਖ ਆਤਮਾ ਅਨੇਕਾਂ ਪ੍ਰਕਾਰ ਦੇ ਦੁੱਖ ਕਿਉਂ ਸਹਿਣ ਕਰਦੀ ਹੈ ? (63)
ਬਾਹਰੀ ਆਤਮਾ ਵਾਲਾ ਮਨੁੱਖ ਬਾਹਰਲੇ ਭੇਖ ਧਾਰਨ ਕਰਕੇ ਭਾਵ ਸਾਧੂ-ਸਾਧਵੀ ਆਦਿ ਬਣਕੇ ਆਪਣੇ ਆਪਨੂੰ ਇੰਦਰੀਆਂ ਰਾਹੀਂ ਪ੍ਰਾਪਤ ਸੁੱਖਾਂ ਤੋਂ ਦੂਰ ਕਰਦਾ ਹੈ , ਉਹ ਤਾਂ ਬਸ ਇਕ ਕਿਰਿਆ

ਕਾਂਡ ਵਿਚ ਲਗ ਕੇ ਜਨਮ ਮਰਨ ਦੇ ਚੱਕਰ ਵਿਚ ਫਸਿਆ ਰਹਿੰਦਾ ਹੈ (ਬਾਹਰੀ ਭੇਖ ਮੁਕਤੀ ਦਾ ਕਾਰਨ ਨਹੀਂ ਬਣਦਾ ਹੈ) (64)
ਜੋ ਮਨੁੱਖ ਪਰਲੋਕ ਨੂੰ ਸਾਹਮਣੇ ਰੱਖਕੇ ਸ਼ਰੀਰ ਨੂੰ ਕਮਜ਼ੋਰ ਕਰਦਾ ਹੈ, ਮੁਕਤੀ ਪ੍ਰਾਪਤੀ ਦੇ ਲਈ ਅਨੇਕਾਂ ਦੁੱਖ ਵੀ ਸਹਿੰਦਾ ਹੈ, ਪਰ ਮਿਥਿਆਤਵ (ਗਲਤ ਵਿਸ਼ਵਾਸ) ਦਾ ਨਾਸ਼ ਨਹੀਂ ਕਰਦਾ, ਉਹ ਮੁਕਤੀ ਰੂਪੀ ਸੁੱਖ ਕਿਵੇਂ ਪ੍ਰਾਪਤ ਕਰੇਗਾ ? (65)
ਬਾਹਰੀ ਆਤਮਾ ਵਾਲਾ ਮਨੁੱਖ ਕ੍ਰੋਧ ਆਦਿ (ਮਾਨ, ਮਾਇਆ, ਲੋਭ, ਰਾਗ, ਦਵੇਸ਼ ) ਨੂੰ ਸਜ਼ਾ ਨਹੀਂ ਦਿੰਦਾ, ਸਗੋਂ ਸ਼ਰੀਰ ਨੂੰ ਸਜ਼ਾ ਦਿੰਦਾ ਹੈ ਉਹ ਭਲਾ ਆਪਣੇ ਕਰਮਾਂ ਦਾ ਕਿਵੇਂ ਖਾਤਮਾ ਕਰੇਗਾ ? ਬੰਬੀ (ਸੱਪ ਦੀ ਖੁੱਡ) ਨੂੰ ਡੰਡਾ ਮਾਰਨ ਨਾਲ ਕਿਤੇ ਸੱਪ ਮਰਦਾ ਹੈ ? (66)
ਗਿਆਨੀ ਮਨੁੱਖ ਜਦ ਤੱਕ ਉਪਸ਼ਮ ਅਤੇ ਤਪ ਭਾਵ ਵਾਲੇ ਹਨ ਤਦ ਤੱਕ ਉਹ ਸੰਜਮੀ ਹਨ । ਜਦ ਉਹ ਕਸ਼ਾਏ (ਕ੍ਰੋਧ, ਮਾਨ, ਮਾਇਆ, ਲੋਭ) ਦੇ ਵਸ ਹੁੰਦਾ ਹੈ ਤਾਂ ਉਹ ਅਸੰਜਮੀ ਹੋ ਜਾਂਦਾ ਹੈ । (67)
ਕੋਈ ਅਗਿਆਨੀ ਹੀ ਅਜਿਹਾ ਕਹਿ ਸਕਦਾ ਹੈ ਕਿ ਗਿਆਨੀ ਆਪਣੇ ਬਲ ਨਾਲ ਕਰਮਾਂ ਦਾ ਖਾਤਮਾ ਕਰਦਾ ਹੈ, ਕਿ ਹਕੀਮ ਦੇ ਅਜਿਹਾ ਕਹਿਣ ਤੇ ਉਹ ਦਵਾਈ ਨੂੰ ਜਾਣਦਾ ਹੈ, ਰੋਗ ਨਸ਼ਟ ਹੋ ਸਕਦਾ ਹੈ ? (68)
ਪਹਿਲਾ ਮਿਥਿਆਤਵ ਦੀ ਗੰਦਗੀ ਨੂੰ ਧੋਣ ਦੇ ਲਈ ਸਮਿਯਕਤਵ ਦਰਸ਼ਨ ਰੂਪੀ ਦਵਾ ਦਾ ਅਤੇ ਫਿਰ ਕਰਮ ਰੋਗ ਦੇ ਨਾਸ਼ ਦੇ ਲਈ ਸਮਿਯਤ ਚਰਿੱਤਰ ਰੂਪੀ ਦਵਾ ਦਾ ਸੇਵਨ ਕੀਤਾ ਜਾਂਦਾ ਹੈ । (69)
ਜਿਨੇਂਦਰ ਦੇਵ ਦਾ ਕਥਨ ਹੈ ਕਿ ਵਿਸ਼ਿਆਂ ਵਿਚ ਨਾ ਲੱਗਿਆ ਅਗਿਆਨੀ ਨਾਲੋਂ ਵਿਸ਼ਿਆਂ ਵਿਚ ਲੱਗਿਆ, ਪਰ ਕਸ਼ਾਇਆਂ ਤੋਂ ਮੁਕਤ ਗਿਆਨੀ ਲੱਖ ਗੁਣਾ ਫਲ ਪ੍ਰਾਪਤ ਕਰਦਾ ਹੈ । (70)
ਭਗਤੀ ਰਹਿਤ ਬਿਨੈ, ਪਿਆਰ ਰਹਿਤ ਇਸਤਰੀ ਦਾ ਰੋਣਾ ਅਤੇ ਵੈਰਾਗ ਰਹਿਤ ਤਿਆਗ ਨੂੰ ਮਨਾਂ ਕੀਤਾ ਗਿਆ ਹੈ । (71)
ਬਹਾਦਰੀ ਰਹਿਤ ਯੋਧਾ, ਸੁਹਾਗ ਰਹਿਤ ਸਜੀ ਧਜੀ ਇਸਤਰੀ ਅਤੇ ਵੈਰਾਗ, ਗਿਆਨ ਅਤੇ ਸੰਜਮ ਰਹਿਤ ਮੁਨੀ ਨੂੰ ਕੁੱਝ ਵੀ ਹਾਸਿਲ ਨਹੀਂ ਹੁੰਦਾ । (72)
ਜਿਸ ਪ੍ਰਕਾਰ ਸਾਰੇ ਪਦਾਰਥਾਂ ਦਾ ਸੁਆਮੀ, ਅਗਿਆਨੀ ਤੇ ਲੋਭੀ ਮਨੁੱਖ ਨੂੰ ਅਗਲੇ ਜਨਮ ਵਿਚ ਆਪਣੇ ਅਗਿਆਨ ਅਤੇ ਲੋਭ ਦਾ ਫਲ ਮਿਲਦਾ ਹੈ, ਉਸੇ ਪ੍ਰਕਾਰ ਵਿਸ਼ਿਆਂ 'ਚ ਲੱਗੇ ਅਗਿਆਨੀ ਮਨੁੱਖ ਨੂੰ ਅਗਲੇ ਜਨਮ ਵਿਚ ਵਿਸ਼ੇ ਰਾਗ ਦਾ ਫਲ ਭੋਗਣਾ ਪੈਂਦਾ ਹੈ । (73)
ਜਿਵੇਂ ਸਾਰੇ ਪਦਾਰਥਾਂ ਦਾ ਸਵਾਮੀ ਸੁਪਾਤਰ ਨੂੰ ਦਾਨ ਦੇਣ ਤੇ ਹੀ ਯਸ਼ ਨੂੰ ਪ੍ਰਾਪਤ ਕਰਦਾ ਹੈ, ਉਸੇ ਪ੍ਰਕਾਰ ਸਾਰੇ ਗਿਆਨਾਂ ਦਾ ਧਾਰਕ ਵਿਸ਼ਿਆਂ ਨੂੰ ਛੱਡਕੇ ਹੀ ਯਸ਼ ਨੂੰ ਪ੍ਰਾਪਤ ਕਰਦਾ ਹੈ । (74)
ਜਿਨੇਂਦਰ ਦੇਵ ਦਾ ਕਥਨ ਹੈ ਕਿ ਜਰ, ਜ਼ਮੀਨ ਅਤੇ ਇਸਤਰੀ ਦੇ ਲੋਭ ਰੂਪੀ ਜ਼ਹਿਰੀਲੇ ਸੱਪ ਨੂੰ ਸਮਿਯਕ ਦਰਸ਼ਨ, ਸਮਿਯਕ ਗਿਆਨ ਅਤੇ ਵੈਰਾਗ (ਸਮਿਯਕ ਚਰਿੱਤਰ) ਨਾਲ ਵਸ਼ ਵਿਚ ਕੀਤਾ ਜਾ ਸਕਦਾ ਹੈ । (75)
ਜੋ ਮਨੁੱਖ ਪਹਿਲਾਂ ਪੰਜ ਇੰਦਰੀਆਂ, ਸ਼ਰੀਰ ਮਨ, ਵਚਨ, ਹੱਥ ਤੇ ਪੈਰ ਤੇ ਸਿਰ ਨੂੰ ਤਾਂ ਮੁੰਡਦਾ ਹੈ, ਭਾਵ ਵਸ ਵਿਚ ਕਰਦਾ ਹੈ । ਇਸਤੋਂ ਬਾਅਦ ਹੀ ਸਿਰ ਨੂੰ ਮੁੰਡਦਾ ਹੈ । ਕੇਸ਼ ਲੋਚ ਕਰਕੇ ਸਾਧੂ ਬਣਦਾ ਹੈ ਅਤੇ ਮੋਕਸ਼ ਮਾਰਗ ਦਾ ਨੇਤਾ ਬਣਦਾ ਹੈ । (76)



ਪਤੀ ਦੀ ਭਗਤੀ ਤੋਂ ਬਿਨਾ ਪਤਨੀ ਅਤੇ ਨੌਕਰ, ਜਿਨੇਂਦਰ ਦੇਵ ਅਤੇ ਜਿਨ ਆਗਮ (ਜੈਨ ਗ੍ਰੰਥ) ਦੀ ਭਗਤੀ ਤੋਂ ਰਹਿਤ ਜੈਨ ਅਤੇ ਗੁਰੂ ਭਗਤੀ ਤੋਂ ਬਿਨਾ ਚੇਲਾ ਇਹ ਸਭ ਨਿਸ਼ਚਿਤ ਰੂਪ ਵਿਚ ਦੁਰਗਤੀ ਦੇ ਰਾਹ ਤੇ ਹਨ । (77)
ਸਾਰੇ ਪਰਿਗਰਿਹਾਂ ਤੋਂ ਮੁਕਤ ਪਰ ਗੁਰੂ ਭਗਤੀ ਰਹਿਤ ਚੇਲੇ ਦੇ ਸਾਰੇ ਕਿਰਿਆ ਕਾਂਡ ਬੰਜਰ ਜ਼ਮੀਨ ਵਿਚ ਬੋਏ ਹੋਏ ਚੰਗੇ ਬੀਜਾਂ ਦੀ ਤਰ੍ਹਾਂ ਹੁੰਦੇ ਹਨ । (78)
ਰਾਜ ਰਹਿਤ ਰਾਜਾਂ, ਸੈਨਾਪਤੀ ਰਹਿਤ ਦੇਸ਼, ਪਿੰਡ, ਰਾਸ਼ਟਰ ਅਤੇ ਸੈਨਾ ਅਤੇ ਗੁਰੂ ਭਗਤੀ ਰਹਿਤ ਚੇਲੇ ਦੇ ਸਾਰੇ ਕਿਰਿਆ ਕਾਂਡ ਨਾਸ਼ ਨੂੰ ਪ੍ਰਾਪਤ ਹੁੰਦੇ ਹਨ । (79)
ਆਦਰ ਭਾਵ ਤੋਂ ਬਿਨਾ ਪ੍ਰੇਮ, ਭਗਤੀ ਤੋਂ ਬਿਨਾ ਦਾਨ, ਦਿਆ ਤੋਂ ਬਿਨਾ ਧਰਮ ਅਤੇ ਗੁਰੂ ਭਗਤੀ ਤੋਂ ਬਿਨਾ ਤਪ, ਗੁਣ ਅਤੇ ਚਰਿੱਤਰ ਨੂੰ ਨਿਸ਼ਫਲ ਸਮਝਣਾ ਚਾਹੀਦਾ ਹੈ । (80)
ਜਿਨੇਂਦਰ ਦੇਵ ਦਾ ਕਥਨ ਹੈ ਕਿ ਤਿਆਗ ਅਤੇ ਗ੍ਰਹਿਣ ਦੇ ਵਿਚਾਰ ਤੋਂ ਰਹਿਤ ਮਨੁੱਖ ਬਾਹਰਲੇ ਇੰਦਰੀਆਂ ਸੁੱਖਾਂ ਨੂੰ ਸੁੱਖ ਮੰਨਦਾ ਹੈ, ਉਹ ਨਹੀਂ ਜਾਣਦਾ ਕਿ ਤਿਆਗ ਕੀ ਹੈ? ਗ੍ਰਹਿਣ ਕਰਨ ਯੋਗ ਕੀ ਹੈ ਅਤੇ ਮੁਕਤੀ ਕੀ ਹੈ ? (81)
ਕਾਇਆ ਕਲੇਸ਼ ਅਤੇ ਵਰਤ ਸਿਰਫ ਕਠੋਰ ਤਪੱਸਿਆ ਦੇ ਕਾਰਨ ਹਨ, ਪਰ ਜੇ ਕੋਈ ਇਨ੍ਹਾਂ ਨੂੰ ਆਪਣੀ ਸ਼ੁੱਧ ਆਤਮਾ ਨਾਲ ਜੁੜਕੇ ਕੀਤਾ ਜਾਵੇ ਤਾਂ ਇਹ ਕਰਮ ਖਾਤਮੇ ਦਾ ਕਾਰਨ ਬਣ ਜਾਂਦੇ ਹਨ । (82)
ਜੋ ਵਿਅਕਤੀ ਨਾ ਆਤਮਾ ਨੂੰ ਜਾਣਦਾ ਹੈ, ਨਾ ਪਰਮਾਤਮਾ ਨੂੰ ਅਤੇ ਨਾ ਕਰਮਾਂ ਦਾ ਖਾਤਮਾ ਕਰਦਾ ਹੈ, ਉਹ ਸਮਿਯਕਤਵ ਤੋਂ ਰਹਿਤ ਹੈ । ਉਹ ਨਾ ਏਧਰ ਦਾ ਹੈ, ਨਾ ਓਧਰ ਦਾ । ਭਾਵ ਨਾ ਉਹ ਗ੍ਰਹਿਸਥ ਹੈ, ਨਾ ਉਹ ਸਾਧੂ । ਅਜਿਹਾ ਵਿਅਕਤੀ ਮੁਨੀ ਭੇਖ ਲੈ ਕੇ ਕੀ ਕਰੇਗਾ ? (83)
ਜੋ ਮਨੁੱਖ ਮੁਨੀ ਭੇਖ ਧਾਰਨ ਕਰਕੇ ਨਾ ਤਾਂ ਆਤਮਾ ਨੂੰ ਵੇਖਦਾ ਹੈ, ਨਾ ਉਸਦਾ ਮਨ ਕਰਦਾ ਹੈ, ਨਾ ਉਸ ਆਤਮਾ ਪ੍ਰਤੀ ਸ਼ਰਧਾ ਰੱਖਦਾ ਹੈ, ਨਾ ਉਸਦੀ ਭਾਵਨਾ ਕਰਦਾ ਹੈ, ਉਸਦੇ ਲਈ ਮੁਨੀ ਭੇਖ ਧਾਰਨ ਕਰਨਾ ਦੁੱਖ ਦਾ ਕਾਰਨ ਹੈ । ਉਹ ਮੁਨੀ ਭੇਖ ਧਾਰਨ ਕਰਕੇ ਕੀ ਕਰੇਗਾ ? (84)
ਜਦ ਤੱਕ ਆਤਮਾ ਆਤਮਾ ਨੂੰ ਨਹੀਂ ਜਾਣਦੀ ਤਦ ਤੱਕ ਹੀ ਉਸਦਾ ਦੁੱਖ ਹੈ । ਇਸ ਲਈ ਯੋਗੀ ਨੂੰ ਚਾਹੀਦਾ ਹੈ ਕਿ ਉਹ ਅਨੰਤ ਸੁੱਖ ਸੁਭਾਅ ਵਾਲੀ ਆਤਮਾ ਦਾ ਚਿੰਤਨ ਕਰੇ । (85)
ਨਿਜ ਤੱਤਵ (ਆਤਮ ਸਵਰੂਪ) ਦੀ ਪ੍ਰਾਪਤੀ ਤੋਂ ਬਿਨਾਂ ਸਮਿਯਕਤਵ ਦੀ ਪ੍ਰਾਪਤੀ ਨਹੀਂ ਹੁੰਦੀ ਅਤੇ ਸਮਿਯਕਤਵ ਤੋਂ ਬਿਨਾਂ ਨਿਰਵਾਣ ਨਹੀਂ ਹੁੰਦਾ । (86)
ਜਿਵੇਂ ਕਿਲੇ ਤੋਂ ਬਿਨਾ ਰਾਜਾ, ਦਾਨ ਦਿਆ, ਧਰਮ ਤੋਂ ਬਿਨਾ ਗ੍ਰਹਿਸਥ ਅਤੇ ਆਤਮਾ ਤੋਂ ਬਿਨਾ ਦੇਹ ਸ਼ੋਭਾ ਨਹੀਂ ਦਿੰਦੀ, ਉਸੇ ਤਰ੍ਹਾਂ ਗਿਆਨ ਤੋਂ ਬਿਨਾ ਤਪ ਸ਼ੋਭਾ ਨਹੀਂ ਦਿੰਦਾ । (87)
ਬਲਗਮ ਵਿਚ ਪਈ ਮੱਖੀ ਦੀ ਤਰ੍ਹਾਂ ਪਰਿਗ੍ਰਹਿ (ਸੰਗ੍ਰਹਿ) ਵਿਚ ਪਿਆ ਹੋਇਆ ਲੋਭੀ, ਮੂਰਖ ਅਤੇ ਅਗਿਆਨੀ ਸਾਧੂ, ਕਾਇਆ ਕਲੇਸ਼ ਨਾਲ ਮੌਤ ਨੂੰ ਪ੍ਰਾਪਤ ਹੁੰਦਾ ਹੈ । (88)
ਗਿਆਨ ਅਭਿਆਸ ਤੋਂ ਬਿਨਾ ਆਪਣੇ ਤੇ ਪਰਾਏ ਦੀ ਪਹਿਚਾਣ ਨਹੀਂ ਹੁੰਦੀ, ਆਪਣੇ ਪਰਾਏ ਦੀ ਪਹਿਚਾਣ ਤੋਂ ਬਿਨਾ ਧਿਆਨ ਨਹੀਂ ਹੁੰਦਾ, ਧਿਆਨ ਤੋਂ ਬਿਨਾ ਕਰਮਾਂ ਦਾ ਖਾਤਮਾ ਨਹੀਂ ਹੁੰਦਾ ਅਤੇ ਕਰਮਾਂ ਦਾ ਖਾਤਮਾ ਕੀਤੇ ਬਿਨਾ ਮੁਕਤੀ ਦੀ ਪ੍ਰਾਪਤੀ ਨਹੀਂ ਹੁੰਦੀ । (89)
ਸਵਾਧਿਆਏ (ਆਗਮ ਦਾ ਪੜ੍ਹਨਾ) ਨਾਲ ਹੀ ਧਿਆਨ ਹੁੰਦਾ ਹੈ, ਸਵਾਧਿਆਏ ਨਾਲ ਹੀ ਪੰਜ ਇੰਦਰੀਆਂ ਦਾ ਨਿਗ੍ਰਹਿ (ਕਾਬੂ) ਹੁੰਦਾ ਹੈ । ਇਸ ਲਈ ਪੰਚਮ ਕਾਲ ਵਿਚ ਪ੍ਰਵਚਨ ਅਨੁਸਾਰ (ਜੈਨ

ਆਗਮ) ਦਾ ਅਭਿਆਸ ਕਰਨਾ ਚਾਹੀਦਾ ਹੈ। (90)
ਗਿਆਨ ਹੀ ਪਾਪ, ਹਿੰਸਾ ਤੋਂ ਛੁਟਕਾਰਾ ਅਤੇ ਪੁੰਨ ਵਿਚ ਲਗਾਉਂਦਾ ਹੈ। ਇਸ ਲਈ ਜਿਨੇਂਦਰ ਦੇਵ ਨੇ ਸਭ ਜੀਵਾਂ ਦੇ ਲਈ ਗਿਆਨ ਨੂੰ ਹੀ ਧਰਮ ਧਿਆਨ ਕਿਹਾ ਹੈ। (91)
ਜੋ ਮਨੁੱਖ ਸ਼ਰੁਤ ਗਿਆਨ ਦਾ ਅਭਿਆਸ ਨਹੀਂ ਕਰਦਾ, ਉਸਦੀ ਤਪੱਸਿਆ ਸਹੀ ਨਹੀਂ ਹੁੰਦੀ, ਅਗਿਆਨੀ ਮਨੁੱਖ ਤਪੱਸਿਆ ਕਰਦਾ ਹੋਇਆ ਵੀ ਸੰਸਾਰਿਕ ਸੁੱਖਾਂ ਵਿਚ ਡੁੱਬਿਆ ਰਹਿੰਦਾ ਹੈ। (92)
ਜਿਹਨਾਂ ਮਨੁੱਖਾਂ ਦਾ ਸੁਭਾਅ ਤੱਤਵ ਵਿਚਾਰ, ਸ਼ੀਲ ਅਤੇ ਮੋਕਸ਼ ਦੇ ਰਾਸਤੇ ਦੀ ਆਰਾਧਨਾ ਕਰਨ ਦਾ ਹੈ ਅਤੇ ਜੋ ਲਗਾਤਾਰ ਧਰਮ ਕਥਾ ਵਿਚ ਲੱਗੇ ਰਹਿੰਦੇ ਹਨ ਉਹ ਅਸਲ ਵਿਚ ਮੁਨੀ ਰਾਜ ਹਨ। (93)
ਮੁਨੀਰਾਜ ਝੂਠੇ ਕਿੱਸੇ ਕਹਾਣੀਆਂ ਤੋਂ ਪੂਰਨ ਮੁਕਤ ਅਤੇ ਮਾੜੇ ਕਰਮਾਂ ਤੋਂ ਰਹਿਤ ਹੁੰਦੇ ਹਨ। ਧਰਮ ਉਪਦੇਸ਼ ਦੇਣ ਵਿਚ ਕੁਸ਼ਲ ਹੁੰਦੇ ਹਨ ਅਤੇ ਬਾਰਾਂ ਅਨੁਪ੍ਰੇਕਸ਼ਾਵਾਂ ਦਾ ਚਿੰਤਨ ਕਰਨ ਵਿਚ ਹਮੇਸ਼ਾ ਲੀਨ ਰਹਿੰਦੇ ਹਨ। (94)
ਮੁਨੀਰਾਜ ਦੂਸਰੇ ਦੀ ਨਿੰਦਾ ਕਰਨ ਅਤੇ ਦੂਸਰੇ ਠੱਗਣ ਤੋਂ ਦੂਰ ਰਹਿੰਦੇ ਹਨ, ਪਰਿਸ਼ੈ (ਉਪਸਰਗ) ਅਤੇ ਦੁੱਖਾਂ ਨੂੰ ਸਹਿੰਦੇ ਹਨ। ਸ਼ੁਭ ਧਿਆਨ ਅਤੇ ਸਵਾਧਿਆਏ ਵਿਚ ਜੁੜੇ ਰਹਿੰਦੇ ਹਨ ਅਤੇ ਸਭ ਤਰ੍ਹਾਂ ਦੇ ਪਰਿਗ੍ਰਹਾਂ ਤੋਂ ਮੁਕਤ ਹੁੰਦੇ ਹਨ। (95)
ਜੋ ਯੋਗੀ ਰਾਜ ਦਵੰਧ ਰਹਿਤ ਮੋਹ ਰਹਿਤ, ਨਿਸ਼ਕਲੰਕ, ਸੰਕਲਪ-ਵਿਕਲਪ ਰਹਿਤ ਅਤੇ ਹਮੇਸ਼ਾ ਨਿਰਮਲ ਸੁਭਾਅ ਵਾਲੇ ਹਨ, ਉਹ ਹੀ ਮੁਨੀਰਾਜ ਹਨ। (96)
ਕੋਈ ਆਪਣੀ ਆਤਮਾ ਨੂੰ ਕਿੰਨਾ ਵੀ ਕਸ਼ਟ ਦਿੰਦਾ ਹੈ, ਪਰ ਉਹ ਜੇ ਮਿਥਿਆਤਵ ਭਾਵ ਵਾਲਾ ਹੈ ਤਾਂ ਉਸਨੂੰ ਸਰਵਗ ਦੇ ਉਪਦੇਸ਼ ਤੋਂ ਵੀ ਨਿਰਵਾਣ ਸੁੱਖ ਨਹੀਂ ਮਿਲੇਗਾ। (97)
ਜਿਵੇਂ ਮੈਲੇ ਸ਼ੀਸ਼ੇ ਵਿਚ ਆਪਣਾ ਰੂਪ ਵਿਖਾਈ ਨਹੀਂ ਦਿੰਦਾ, ਉਸੇ ਤਰ੍ਹਾਂ ਵੀ ਰਾਗ ਆਦਿ ਦੀ ਮੈਲ ਵਿਚ ਮੈਲੇ ਹੋਏ ਮਨੁੱਖਾਂ ਨੂੰ ਆਪਣਾ ਆਤਮ ਸਰੂਪ ਦਿਖਾਈ ਨਹੀਂ ਦਿੰਦਾ। (98)
ਜੋ ਸਾਧੂ ਮਨ, ਵਚਨ, ਕਾਇਆ ਦੇ ਤਿੰਨ ਦੰਡ ਅਤੇ ਮਾਇਆ, ਮਿੱਥਿਆ, ਨਿਧਾਨ ਦੇ ਤਿੰਨ ਸ਼ੱਲਿਆ ਦੇ ਅਧੀਨ ਹਨ। ਹੰਕਾਰੀ, ਈਰਖਾਲੂ, ਕਲੇਸ਼ੀ ਅਤੇ ਮੰਗਣ ਵਾਲੇ ਹਨ ਉਹ ਲੰਬਾ ਸਮਾਂ ਸੰਸਾਰ ਵਿਚ ਘੁੰਮਦੇ ਰਹਿੰਦੇ ਹਨ ਅਤੇ ਵਾਰ-ਵਾਰ ਜਨਮ-ਮਰਨ ਕਰਦੇ ਰਹਿੰਦੇ ਹਨ। (99)
ਜੋ ਸਾਧੂ ਸ਼ਰੀਰ ਵਿਚ ਮੋਹ, ਵਿਸ਼ਿਆਂ ਵਿਚ ਜੁੜਿਆ, ਕਸ਼ਾਏ ਵਾਲਾ ਅਤੇ ਆਤਮ ਸੁਭਾਅ ਤੋਂ ਪ੍ਰਮਾਦੀ ਹੈ, ਉਹ ਸਮਿਯਕਤਵ ਤੋਂ ਰਹਿਤ ਹੈ। (100)
ਜੋ ਸਾਧੂ ਆਰੰਭ (ਹਿੰਸਾ) ਧਨ, ਅਨਾਜ ਅਤੇ ਉਪਕਰਣਾਂ ਦੀ ਇੱਛਾ ਰੱਖਦੇ ਹਨ, ਈਰਖਾਲੂ ਹਨ, ਵਰਤ, ਗੁਣ ਸ਼ੀਲ ਤੋਂ ਰਹਿਤ ਹਨ। ਕਸ਼ਾਏ ਅਤੇ ਕਲੇਸ਼ ਨੂੰ ਪ੍ਰੇਮ ਕਰਦੇ ਹਨ, ਬਹੁਤੀਆਂ ਗੱਲਾਂ ਕਰਦੇ ਹਨ, ਸੰਘ ਦਾ ਵਿਰੋਧ ਕਰਦੇ ਹਨ, ਸੁਸ਼ੀਲ ਮਨ ਮਰਜੀ ਅਤੇ ਗੁਰੁਕੁਲ ਤੋਂ ਰਹਿਤ ਅਤੇ ਅਹਿਗਆਨੀ ਹਨ। ਉਹ ਸੱਤਾ (ਰਾਜ ਅਤੇ ਧਨ) ਦੀ ਸੇਵਾ ਵਿਚ ਲੱਗੇ ਰਹਿੰਦੇ ਹਨ। ਉਹ ਜੈਨ ਧਰਮ ਦੀ ਹਾਨੀ ਕਰਦੇ ਹਨ (101, 102)
ਜੋਤਿਸ਼ ਵੈਦਗਿਰੀ ਅਤੇ ਮੰਤਰਾਂ ਨਾਲ ਗੁਜ਼ਾਰਾ ਚਲਾਉਣਾ, ਝਾੜ-ਫੂਕ ਆਦਿ ਨਾਲ ਗੁਜ਼ਾਰਾ ਕਰਨਾ, ਧਨ ਅਨਾਜ ਗ੍ਰਹਿਣ ਕਰਨਾ ਆਦਿ ਸਾਧੂ ਦੇ ਲਈ ਦੋਸ਼ ਹਨ। (103)
ਜੋ ਸਾਧੂ ਪਾਪ ਅਤੇ ਅਰੰਭ (ਹਿੰਸਾ) ਵਿਚ ਲੱਗਿਆ, ਕਸ਼ਾਏ ਵਾਲਾ, ਪਰਿਗ੍ਰਹਿ ਵਿਚ ਜੁੜਿਆ



ਹੋਇਆ ਅਤੇ ਸੰਸਾਰਕ ਕੰਮਾਂ ਕਾਜਾਂ ਵਿਚ ਜੁੜਿਆ ਹੈ, ਉਹ ਸਮਿਯਕ ਦਰਸ਼ਨ ਤੋਂ ਰਹਿਤ ਹੈ। (104)
ਜੋ ਸਾਧੂ ਦੂਸਰੇ ਦੀ ਵਡਿਆਈ ਸਹਿਣ ਨਹੀਂ ਕਰਦੇ, ਸਿਰਫ ਆਪਣੀ ਅਤੇ ਆਪਣੇ ਕੰਮਾਂ ਦੀ ਪ੍ਰਸ਼ੰਸ਼ਾ ਕਰਦੇ ਰਹਿੰਦੇ ਹਨ। ਆਪਣੀ ਜੀਭ ਦੇ ਲਈ ਕੰਮ ਕਰਦੇ ਹਨ ਜੋ ਸਮਿਯਕ ਦਰਸ਼ਨ ਤੋਂ ਰਹਿਤ ਹੈ। (105)
ਚਮੜਾ, ਹੱਡੀ ਜਾਂ ਮਾਂਸ ਦੇ ਟੁਕੜੇ ਦਾ ਲੋਭੀ ਕੁੱਤਾ ਜਿਸ ਤਰ੍ਹਾਂ ਮੁਨੀ ਨੂੰ ਵੇਖਕੇ ਭੌਂਕਦਾ ਹੈ, ਉਸੇ ਤਰ੍ਹਾਂ ਪਾਪੀ ਮਨੁੱਖ, ਧਰਮਾਤਮਾ ਨੂੰ ਵੇਖਕੇ ਸਵਾਰਥ ਦੇ ਕਾਰਨ ਝਗੜਾ ਕਰਦਾ ਹੈ। (106)
ਗਿਆਨ, ਸੰਜਮ, ਅਧਿਐਨ ਅਤੇ ਧਿਆਨ ਦੇ ਲਈ ਜਿੱਥੇ ਜੋ ਮਿਲ ਗਿਆ, ਉਹ ਉਨ੍ਹਾਂ ਹੀ ਭੋਜਨ ਗ੍ਰਹਿਣ ਕਰਨ ਵਾਲੇ ਮੁਕਤੀ ਦੇ ਰਾਹ ਵਿਚ ਲੱਗੇ ਰਹਿੰਦਾ ਹੈ। (107)
ਸਾਧੂ ਨੂੰ ਚਾਹੀਦਾ ਹੈ ਕਿ ਸਾਧੂ ਭੋਜਨ ਦੇ ਭੇਦਾਂ-ਪੇਟ ਦੀ ਅੱਗ ਸ਼ਾਂਤ ਕਰਨ ਲਈ ਅਕਸ਼ਭ੍ਰਮਨ, ਸ਼ਵਭਰਪੂਰਣ, ਭੰਵਰੇ ਵਾਲੀ ਵਿਰਤੀ ਇਹ ਸ਼ਰੀਰ ਨੂੰ ਜਾਣਕੇ ਭੋਜਨ ਗ੍ਰਹਿਣ ਕਰੇ। (108)
ਇਹ ਸ਼ਰੀਰ ਰਸ, ਖੂਨ, ਮਾਸ ਮੇਦ, ਹੱਡੀ, ਮਲਮੂਤਰ, ਪੀਕ ਅਤੇ ਕੀੜਿਆਂ ਨਾਲ ਭਰਿਆ ਹੋਇਆ ਹੈ। ਹੋਰ ਕੀ ਆਖੀਏ ? ਇਹ ਬਦਬੂ ਵਾਲਾ, ਅਪਵਿੱਤਰ, ਚਮੜੀ ਦੀ ਬੂ ਵਾਲਾ, ਨਾ ਰਹਿਣ ਵਾਲਾ, ਅਚੇਤਨ ਅਤੇ ਨਾਸ਼ਵਾਨ ਹੈ। ਬਹੁਤ ਸਾਰੇ ਦੁੱਖਾਂ ਦਾ ਕਾਰਨ ਹੈ, ਇਹ ਕਰਮਾਂ ਦੇ ਆਉਣ (ਆਸਰਵ) ਦਾ ਕਾਰਨ ਹੈ। ਆਤਮਾ ਤੋਂ ਵੱਖ ਹੈ। ਚੰਗਾ ਸਿਰਫ ਇਹ ਹੈ ਕਿ ਧਰਮ ਕਰਮ ਕਰਨ ਦਾ ਸਾਧਨ ਹੈ, ਇਸ ਲਈ ਸਾਧੂ ਇਸਦਾ ਪਾਲਣ ਪੋਸ਼ਣ ਕਰਦੇ ਹਨ। (109, 110)
ਸਾਧੂ ਸੰਜਮ, ਤਪ, ਧਿਆਨ, ਅਧਿਐਨ ਅਤੇ ਗਿਆਨ ਦੇ ਲਈ ਭੋਜਨ ਕਰਦਾ ਹੈ, ਜੇ ਇਨ੍ਹਾਂ ਕਾਰਨਾਂ ਨੂੰ ਛੱਡ ਕੇ ਕਿਸੇ ਹੋਰ ਕਾਰਨ ਲਈ ਭੋਜਨ ਕਰਦਾ ਹੈ ਤਾਂ ਉਹ ਦੁੱਖਾਂ ਤੋਂ ਮੁਕਤ ਨਹੀਂ ਹੋ ਸਕਦਾ। (111)
ਜੋ ਸਾਧੂ ਕ੍ਰੋਧ, ਕਲੇਸ਼, ਮੰਗਣਾ, ਗੁੱਸੇ ਵਾਲਾ ਜਾਂ ਰੁਦਰ ਭਾਵ ਭੋਜਨ ਕਰਦਾ ਹੈ, ਉਹ ਸਾਧੂ ਨਹੀਂ, ਉਹ ਤਾਂ ਪ੍ਰੇਤ ਹੈ। (112)
ਹੇ ਮੁਨੀ ! ਜੇ ਤੁਹਾਡੇ ਹੱਥ ਪਾਤਰ ਵਿਚ ਰੱਖਿਆ ਹੋਇਆ ਭੋਜਨ ਤਪਾਏ ਹੋਏ ਲੋਹੇ ਦੇ ਟੁਕੜੇ ਦੇ ਸਮਾਨ ਸ਼ੁੱਧ ਹੋਵੇ ਤਾਂ ਉਸਨੂੰ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਉਤਰਨ ਦੇ ਲਈ ਪਵਿੱਤਰ ਕਿਸ਼ਤੀ ਸਮਝ ਕੇ ਗ੍ਰਹਿਣ ਕਰੋ। (113)
ਜਿਨੇਂਦਰ ਦੇਵ ਨੇ ਅਵਿਰਤ ਸਮਿਯਕ ਦ੍ਰਿਸ਼ਟੀ, ਦੇਸ਼ਵਰਤੀ, ਮਹਾਂਵਰਤੀ, ਆਗਮ ਵਿਚ ਰੁਚੀ ਰੱਖਣ ਵਾਲੇ ਗਿਆਨੀਆਂ ਦੇ ਪੱਖੋਂ ਪਾਤਰਾਂ ਨੂੰ ਹਜ਼ਾਰਾਂ ਕਿਸਮ ਦਾ ਆਖਿਆ ਗਿਆ ਹੈ।(114)
ਜਿਹੜੇ ਮੁਨੀਆਂ ਵਿਚ ਉਪਸ਼ਮ, ਤਿਆਗ, ਧਿਆਨ, ਅਧਿਐਨ ਆਦਿ ਮਹਾਨ ਗੁਣ ਦੇਖੇ ਗਏ ਉਨ੍ਹਾਂ ਨੂੰ ਹੀ ਉਤਮ ਪਾਤਰ ਆਖਿਆ ਗਿਆ ਹੈ। (115)
ਜੋ ਮਨੁੱਖ ਅਰਿਹੰਤ ਸਿੱਧ ਦੇ ਇਸ ਸਰੂਪ ਨੂੰ ਨਹੀਂ ਜਾਣਦਾ, ਤਿੰਨ ਭੇਦਾਂ (ਬਾਹਰੀ ਆਤਮਾ, ਅੰਤਰ ਆਤਮਾ, ਪਰਮਾਤਮਾ) ਦੇ ਨਾਲ ਆਪਣੀ ਆਤਮਾ ਨੂੰ ਨਹੀਂ ਜਾਣਦਾ ਸਿਰਫ ਘੋਰ ਤਪ ਕਰਦਾ ਹੈ, ਉਹ ਲੰਬੇ ਸੰਸਾਰ ਵਿਚ ਹੀ ਘੁੰਮਦਾ ਰਹਿੰਦਾ ਹੈ। ਭਾਵ ਉਹ ਜਨਮ ਮਰਨ ਦੇ ਚੱਕਰ ਤੋਂ ਮੁਕਤ ਨਹੀਂ ਹੋ ਸਕਦਾ। (116)
ਸਮਿਯਕ ਦਰਸ਼ਨ ਤੋਂ ਸ਼ੁੱਧ, ਧਰਮ ਧਿਆਨ ਵਿਚ ਲੱਗਿਆ ਹੋਇਆ, ਪਰਿਗ੍ਰਹਿ ਤੇ ਸ਼ਲਯ ਰਹਿਤ ਮਨੁੱਖ ਵਿਸ਼ੇਸ਼ ਪਾਤਰ ਹੈ। ਇਨ੍ਹਾਂ ਗੁਣਾਂ ਤੋਂ ਰਹਿਤ ਮਨੁੱਖ ਆਮ ਅਤੇ ਅਪਾਤਰ ਹੈ। (117)

ਸਮਿਯਕ ਦਰਸ਼ਨ ਆਦਿ ਦੇ ਗੁਣਾਂ ਤੋਂ ਸੰਪੰਨ ਮਨੁੱਖ ਨੂੰ ਜਿਨੇਂਦਰ ਦੇਵ ਨੇ ਵਿਸ਼ੇਸ਼ ਪਾਤਰ ਕਿਹਾ ਹੈ । ਅਜਿਹੇ ਵਿਸ਼ੇਸ਼ ਪਾਤਰ ਨੂੰ ਪਛਾਣ ਕੇ ਉਸਨੂੰ ਦਾਨ ਦੇਣ ਵਾਲਾ ਮਨੁੱਖ ਮੋਕਸ਼ ਮਾਰਗ ਵਿਚ ਲੱਗਦਾ ਹੈ ।(118)
ਜਿਨੇਂਦਰ ਦੇਵ ਦਾ ਕਥਨ ਹੈ ਕਿ ਜੋ ਮਨੁੱਖ ਨਿਸ਼ਚੈ ਵਿਵਹਾਰ ਰੂਪੀ ਰਤਨ ਤ੍ਰੈਅ ਨੂੰ ਨਹੀਂ ਜਾਣਦਾ, ਉਸ ਦੁਆਰਾ ਕੀਤਾ ਗਿਆ ਕੰਮ ਮਿਥਿਆਤਵ (ਗਲਤ) ਹੁੰਦਾ ਹੈ । (119)
ਸਾਰੇ ਤੱਤਾਂ ਦਾ ਗਿਆਨ ਹਾਸਿਲ ਕਰਨ ਅਤੇ ਤਰ੍ਹਾਂ-ਤਰ੍ਹਾਂ ਦੇ ਤਪ ਕਰਨ ਦਾ ਕੀ ਫਾਇਦਾ? ਸਮਿਯਕ ਦਰਸ਼ਨ ਦੀ ਸ਼ੁੱਧੀ ਤੋਂ ਰਹਿਤ ਗਿਆਨ ਅਤੇ ਤਪ, ਸੰਸਾਰ ਦੇ ਹੀ ਬੀਜ ਹਨ, ਭਾਵ ਉਹ ਵਾਰ-ਵਾਰ ਜਨਮ ਮਰਨ ਕਰਾਉਂਦੇ ਹਨ । (120)
ਸਮਿਯਕ ਦਰਸ਼ਨ ਦੀ ਅਣਹੋਂਦ ਬਿਨਾ ਵਰਤ ਗੁਣ, ਸ਼ੀਲ, ਪਰਿਸ਼ੈ ਨੂੰ ਜਿੱਤਣਾ, ਚਰਿੱਤਰ, ਛੇ ਅਵੱਸ਼ਕ ਧਿਆਨ (ਸਵਾਧਿਆਏ), ਅਧਿਐਨ ਆਦਿ ਸੰਸਾਰ ਦੇ ਬੀਜ ਹਨ (121)
ਹੇ ਯੋਗੀ ! ਜੇ ਤੁਸੀਂ ਪਰਲੋਕ ਦੀ ਇੱਛਾ ਰੱਖਦੇ ਹੋ ਤਾਂ ਮਸ਼ਹੂਰੀ, ਪੂਜਾ, ਲਾਭ, ਸਤਿਕਾਰ ਆਦਿ ਦੀ ਇੱਛਾ ਕਿਉਂ ਕਰਦੇ ਹੋ ? ਕੀ ਇਨ੍ਹਾਂ ਨਾਲ ਤੁਹਾਨੂੰ ਪਰਲੋਕ ਮਿਲੇਗਾ ? (122)
ਜੋ ਮੁਨੀ ਕਰਮ ਰਾਹੀਂ ਪੈਦਾ ਵਿਭਾਵ ਗੁਣਾ ਅਤੇ ਕਰਮ ਖਾਤਮੇ ਨੂੰ ਪੈਦਾ ਕਰਨ ਵਾਲੇ ਸਵਭਾਵ ਗੁਣਾਂ ਦਾ ਭਾਵ ਪੂਰਵਕ ਮਨਨ ਕਰਕੇ ਆਪਣੀ ਸ਼ੁੱਧ ਆਤਮਾ ਵਿਚ ਲੀਨ ਰਹਿੰਦਾ ਹੈ, ਉਸਨੂੰ ਨਿਸ਼ਚਿਤ ਰੂਪ ਵਿਚ ਨਿਰਵਾਣ ਦੀ ਪ੍ਰਾਪਤੀ ਹੁੰਦੀ ਹੈ । (123)
ਮੂਲ ਪ੍ਰਕਿਰਤੀਆਂ, ਉਤਰ ਪ੍ਰਕਿਰਤੀਆਂ ਅਤੇ ਉਤਰੋਤਰ ਪ੍ਰਕ੍ਰਿਤੀ ਰੂਪ ਦ੍ਰਵ ਕਰਮ ਅਤੇ ਭਾਵ ਕਰਮ ਤੋਂ ਮੁਕਤ ਜੀਵ ਹੀ ਆਸ਼ਰਵ, ਬੰਧ ਸੰਬਰ, ਨਿਰਜਰਾ ਆਦਿ ਤੱਤਾਂ ਨੂੰ ਜਾਣਦਾ ਹੈ, ਜ਼ਿਆਦਾ ਆਖਣ ਦਾ ਕੀ ਲਾਭ ? (124)
ਵਿਸ਼ਿਆਂ ਵਿਚ ਲੱਗੇ ਯੋਗੀ ਮੁਕਤ ਹੋ ਜਾਂਦੇ ਹਨ, ਵਿਸ਼ਿਆਂ ਵਿਚ ਫਸੇ ਯੋਗੀ ਮੁਕਤ ਨਹੀਂ ਹੁੰਦੇ । ਇਸ ਲਈ ਜ਼ਿਆਦਾ ਕੀ ਆਖੀਏ ? ਹੇ ਯੋਗੀ ! ਬਾਹਰੀ ਆਤਮਾ, ਅੰਤਰ ਆਤਮਾ ਅਤੇ ਪ੍ਰਮਾਤਮਾ ਦੇ ਭੇਦ ਨੂੰ ਸਮਝੋ ।(125)
ਜੋ ਮਨੁੱਖ ਆਪਣੀ ਆਤਮਾ ਦੇ ਗਿਆਨ, ਧਿਆਨ, ਅਧਿਐਨ ਅਤੇ ਪੱਕੇ ਸੁੱਖ ਰੂਪੀ ਅੰਮ੍ਰਿਤ ਨੂੰ ਛੱਡਕੇ ਇੰਦਰੀਆਂ ਦੇ ਸੁੱਖ ਭੋਗਣ ਵਿਚ ਲੱਗਿਆ ਰਹਿੰਦਾ ਹੈ, ਉਹ ਬਾਹਰੀ ਆਤਮਾ ਹੈ। (126)
ਇੰਦਰੀਆਂ ਦੇ ਸੁੱਖ ਪੱਕੇ ਹੋਏ ਕਿੰਪਾਕ ਫਲ, ਜ਼ਹਿਰੀਲੇ ਲੱਡੂ ਅਤੇ ਇੰਦਰਾਇਣ ਫਲ ਦੀ ਤਰ੍ਹਾਂ ਸੁੰਦਰ ਹੁੰਦੇ ਹਨ, ਜੀਭ ਨੂੰ ਸੁੱਖ ਦਿੰਦੇ ਹਨ, ਵੇਖਣ ਨੂੰ ਚੰਗੇ ਲੱਗਦੇ ਹਨ । (127)
ਜੋ ਮਨੁੱਖ ਸ਼ਰੀਰ, ਇਸਤਰੀ, ਪੁੱਤਰ, ਮਿੱਤਰ ਅਤੇ ਵਿਭਾਵ ਚੇਤਨਾ ਰੂਪ ਨੂੰ ਹੀ ਆਪਣੀ ਆਤਮਾ ਦਾ ਸਰੂਪ ਸਮਝਦਾ ਹੈ । ਉਹ ਬਾਹਰੀ ਆਤਮਾ ਹੈ । (128)
ਜੋ ਅਗਿਆਨੀ ਮਨੁੱਖ ਇੰਦਰੀਆਂ ਦੇ ਸੁੱਖ ਵਿਚ ਰਮ ਜਾਂਦਾ ਹੈ ਅਤੇ ਇਹ ਨਹੀਂ ਸੋਚਦਾ ਕਿ ਇਹ ਬਹੁਤ ਦੁੱਖਦਾਈ ਹਨ, ਉਹ ਤੱਤ ਨੂੰ ਪ੍ਰਾਪਤ ਨਹੀਂ ਕਰਦਾ, ਉਹ ਬਾਹਰੀ ਆਤਮਾ ਹੈ। (129)
ਜੋ ਮਨੁੱਖ ਇਹ ਨਹੀਂ ਸੋਚਦਾ ਕਿ ਜੋ ਵੀ ਇੰਦਰੀਆਂ ਦੇ ਸੁੱਖ ਹਨ, ਉਹ ਆਤਮਾ ਨੂੰ ਘੋਰ ਦੁੱਖ ਦਿੰਦੇ ਹਨ, ਉਹ ਬਾਹਰੀ ਆਤਮਾ ਹੈ । (130)
ਜਿਸ ਪ੍ਰਕਾਰ ਗੰਦਗੀ ਵਿਚ ਪੈਦਾ ਹੋਏ ਕੀੜੇ ਨੂੰ ਗੰਦਗੀ ਹੀ ਚੰਗੀ ਲੱਗਦੀ ਹੈ, ਉਸੇ ਪ੍ਰਕਾਰ ਬਾਹਰੀ ਆਤਮਾ ਮਨੁੱਖ ਨੂੰ ਬਾਹਰੀ ਇੰਦਰੀਆਂ ਦੇ ਵਿਸ਼ੇ ਹੀ ਚੰਗੇ ਲੱਗਦੇ ਹਨ । (131)
ਜਿਵੇਂ ਬਹੁਤ ਸਾਰੇ ਮਨੁੱਖ ਪੀਣ ਯੋਗ ਅਤੇ ਨਾ ਪੀਣ ਯੋਗ, ਖਾਰ ਅਤੇ ਅੰਮ੍ਰਿਤ, ਖਾਣ ਯੋਗ ਤੇ ਨਾ



ਖਾਣ ਯੋਗ ਵਿਚ ਭੇਦ ਨਹੀਂ ਕਰਦਾ, ਉਸੇ ਪ੍ਰਕਾਰ ਬਾਹਰੀ ਆਤਮਾ ਅਤੇ ਅਣਆਤਮਾ ਵਿਚ ਭੇਦ ਨਹੀਂ ਕਰਦਾ । (132)
ਜੋ ਮਨੁੱਖ ਆਤਮਾ ਨੂੰ ਦੇਹ ਤੋਂ ਵੱਖ ਮੰਨਦਾ ਹੈ, ਸੁਪਨੇ ਵਿਚ ਵੀ ਵਿਸ਼ੈ ਭੋਗ ਨਹੀਂ ਕਰਦਾ, ਆਤਮਾ ਦੇ ਨਿਜ ਸਰੂਪ ਦਾ ਅਨੁਭਵ ਕਰਦਾ ਹੈ ਅਤੇ ਮੋਕਸ਼ ਮਾਰਗ ਦੇ ਸੁੱਖ ਵਿਚ ਲੱਗਿਆ ਰਹਿੰਦਾ ਹੈ, ਉਹ ਮੱਧਿਆਮ ਆਤਮਾ ਭਾਵ ਅੰਤਰ ਆਤਮਾ ਹੈ । (133)
ਜਿਵੇਂ ਬਹੁਤ ਦਿਨਾਂ ਤੋਂ ਮਲ-ਮੂਤਰ ਤੋਂ ਭਰਿਆ ਹੋਇਆ ਘੜਾ ਵਾਰ-ਵਾਰ ਧੋਣ ਤੇ ਵੀ ਆਪਣੀ ਬਦਬੂ ਨਹੀਂ ਛੱਡਦਾ, ਉਸੇ ਤਰ੍ਹਾਂ ਸਮਿਯਕਤਵ ਦੇ ਜਲ ਨਾਲ ਸਾਫ ਹੋਣ ਤੇ ਅਤੇ ਗਿਆਨ ਦੇ ਪੂਰਣ ਹੋਣ ਤੇ ਜੀਵ ਦਾ ਮਿੱਥਿਆਤਵ ਰੂਪੀ ਬਦਬੂ ਅਸਾਨੀ ਨਾਲ ਖਤਮ ਨਹੀਂ ਹੁੰਦਾ । (134)
ਜਿਸ ਪ੍ਰਕਾਰ ਰੋਗ ਦੂਰ ਕਰਨ ਦੇ ਲਈ ਨਾ ਚਾਹੁੰਦੇ ਹੋਏ ਵੀ ਦਵਾਈ ਲੈਣੀ ਪੈਂਦੀ ਹੈ, ਉਸੇ ਪ੍ਰਕਾਰ ਸਮਿਯਕ ਦ੍ਰਿਸ਼ਟੀ ਗਿਆਨੀ ਮਨੁੱਖ ਨੂੰ ਨਾ ਚਾਹੁੰਦੇ ਹੋਏ ਵੀ ਇੰਦਰੀਆਂ ਦਾ ਸੁੱਖ ਭੋਗਦਾ ਹੈ । (135)
ਜ਼ਿਆਦਾ ਕੀ ਆਖੀਏ ? ਇਹ ਮਨੁੱਖ ਬਾਹਰੀ ਆਤਮਾ ਸਰੂਪ ਦੇ ਸਾਰੇ ਭਾਵਾਂ ਨੂੰ ਛੱਡੋ ਅਤੇ ਅੰਤਰਆਤਮਾ ਤੇ ਪਰਮਾਤਮਾ ਦੇ ਵਸਤੂ ਸਰੂਪ ਦੇ ਭਾਵਾਂ ਨੂੰ ਮਨ ਵਿਚ ਲਗਾਓ । (136)
ਬਾਹਰੀ ਆਤਮਾ ਮਨੁੱਖ ਦੇ ਵਸਤੂ ਸਰੂਪ ਸੰਬੰਧੀ ਸਾਰੇ ਭਾਵ ਚਾਰ ਗਤੀਆਂ (ਨਰਕ, ਪਸ਼ੂ, ਮਨੁੱਖ ਅਤੇ ਸਵਰਗ) ਇਸ ਸੰਸਾਰ ਵਿਚ ਭਟਕਾਉਣ ਵਾਲੇ ਅਤੇ ਦੁੱਖ ਦਾ ਕਾਰਨ ਹਨ । (137)
ਦੋ ਪ੍ਰਕਾਰ ਦੀ ਆਤਮਾ ਭਾਵ ਅੰਤਰ ਆਤਮਾ ਅਤੇ ਪਰਮਾਤਮਾ ਦੇ ਵਸਤੂ ਸਰੂਪ ਸੰਬੰਧੀ ਭਾਵ ਮੁਕਤੀ ਵੱਲ ਲੈ ਜਾਂਦੇ ਹਨ ਅਤੇ ਚੰਗਾ ਪੁੰਨ ਦਿੰਦੇ ਹਨ । (138)
ਜੋ ਮਨੁੱਖ ਦ੍ਰਵ, ਗੁਣ, ਪਰਿਆਏ ਦੇ ਰਾਹੀਂ ਸਵ-ਸਮੇਂ (ਆਪਣੀ ਆਤਮਾ) ਅਤੇ ਪਰ-ਸਮੇਂ (ਦੂਸਰੇ ਦੀ ਆਤਮਾ) ਦੇ ਭੇਦ ਨੂੰ ਜਾਣਦਾ ਹੈ, ਉਹ ਅਸਲ ਵਿਚ ਆਪਣੀ ਆਤਮਾ ਨੂੰ ਜਾਣਦਾ ਹੈ । ਅਜਿਹਾ ਮਨੁੱਖ ਹੀ ਮੁਕਤੀ ਦਾ ਨਾਇਕ ਹੁੰਦਾ ਹੈ । (139)
ਜਿਨੇਂਦਰ ਭਗਵਾਨ ਨੇ ਬਾਹਰੀ ਆਤਮਾ ਤੇ ਅੰਤਰ ਆਤਮਾ ਇਨ੍ਹਾਂ ਦੋਹਾਂ ਨੂੰ ਪਰ-ਸਮੇਂ ਕਿਹਾ ਹੈ ਅਤੇ ਪ੍ਰਮਾਤਮਾ ਨੂੰ ਸਵ-ਸਮੇਂ । ਇਨ੍ਹਾਂ ਭੇਦਾਂ ਨੂੰ ਗੁਣ ਸਥਾਨਾਂ ਦੇ ਅਧਾਰ ਤੇ ਸਮਝਣਾ ਚਾਹੀਦਾ ਹੈ । (140)
ਮਿਸ਼ਰ (ਪਹਿਲਾ, ਦੂਜਾ, ਤੀਜਾ ਗੁਣ ਸਥਾਨ ਤੱਕ ਦੇ ਜੀਵ) ਬਾਹਰੀ ਆਤਮਾ ਹਨ । ਵਿਸ਼ੁੱਧੀ ਦੇ ਮੇਲ ਦੇ ਪੱਖੋਂ ਚੌਥੇ ਗੁਣ ਸਥਾਨ ਦੇ ਜੀਵ ਜਘਨਿਆਂ (ਨੀਵੇਂ) ਅੰਤਰ ਆਤਮਾ ਪੰਜਵੇਂ ਗੁਣ ਸਥਾਨ ਤੋਂ ਉਪਸ਼ਾਂਤ ਕਸ਼ਾਏ (11ਵੇਂ ਗੁਣ ਸਥਾਨ ਤੱਕ ਦੇ ਜੀਵ) ਮੱਧਿਅਮ ਅੰਤਰਆਤਮਾ ਹਨ । ਕਸ਼ੀਣ ਮੋਹ ਬਾਹਰਵੇਂ ਗੁਣ ਸਥਾਨ ਦੇ ਜੀਵ ਉਤਮ ਅੰਤਰ ਆਤਮਾ ਹਨ । ਤੇਹਰਵੇਂ, ਚੌਦਵੇਂ ਗੁਣ ਸਥਾਨ ਤੱਕ ਦੇ ਜੀਵ ਸਿਲਸਿਲੇਵਾਰ ਸੰਯੋਗ ਕੇਵਲੀ ਅਤੇ ਅਯੋਗ ਕੇਵਲੀ ਅਰਿਹੰਤ ਅਤੇ ਸਿੱਧ ਪਰਮੇਸ਼ਟੀ ਪਰਮਾਤਮਾ ਹਨ । (141)
ਤਿੰਨ ਮੂਰਖਤਾਵਾਂ, ਤਿੰਨ ਕੰਡੇ, ਤਿੰਨ ਦੋਸ਼ਾਂ, ਤਿੰਨ ਦੰਡ ਅਤੇ ਤਿੰਨ ਗਾਰਵ ਤੋਂ ਰਹਿਤ ਯੋਗੀ ਮੋਕਸ਼ ਮਾਰਗ ਦੇ ਨੇਤਾ ਹਨ । (142)
ਜੋ ਯੋਗੀ ਤਿੰਨ ਰਤਨਾਂ, ਤਿੰਨ ਕਰਨਾਂ, ਤਿੰਨ ਯੋਗਾਂ ਅਤੇ ਤਿੰਨ ਗੁਪਤੀਆਂ ਦੀ ਸ਼ੁੱਧਤਾ ਵਾਲਾ ਹੈ, ਉਹ ਮੁਕਤੀ ਮਾਰਗ ਦਾ ਨੇਤਾ ਹੈ । (143)
ਯੋਗੀ ਮੁਨੀ ਭੇਖ ਨੂੰ ਧਾਰਨ ਕੀਤਾ ਹੋਇਆ ਹੈ ਵੈਰਾਗ, ਗਿਆਨ ਅਤੇ ਸਮਿਯਕਤਵ ਵਾਲਾ ਹੈ,

ਗਿਆਨੀ ਹੈ, ਪਰਮਵੀਤ ਰਾਗੀ ਹੈ। ਉਹ ਮੁਕਤੀ ਮਾਰਗ ਦਾ ਨੇਤਾ ਹੈ। (144)
ਬਾਹਰਲੇ ਤੇ ਅੰਦਰਲੇ ਪਰਿਗ੍ਰਿਹਾਂ ਤੋਂ ਮੁਕਤ, ਸ਼ੁੱਧ ਉਪਯੋਗ ਨਾਲ ਭਰਪੂਰ ਅਤੇ ਮੂਲ ਅਤੇ ਉੱਤਰ ਗੁਣਾਂ ਵਾਲਾ ਯੋਗੀ ਮੁਕਤੀ ਮਾਰਗ ਦਾ ਨੇਤਾ ਹੈ। (145)
ਸਮਿਯਕਤਵ ਤੋਂ ਜਨਮ, ਬੁਢਾਪਾ, ਮੌਤ ਅਤੇ ਦੁੱਖ ਰੂਪੀ ਦੁਸ਼ਟ, ਜ਼ਹਿਰੀਲੇ ਸੱਪ ਦਾ ਨਾਸ਼ ਹੁੰਦਾ ਹੈ। ਸੱਚੇ ਮੁਕਤੀ ਵਾਲੇ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਸਾਧੂ ਇਸੇ ਲਈ ਸਮਿਯਕਤਵ ਦੀ ਭਾਵਨਾ ਕਰਦਾ ਹੈ। ਇਸਦੇ ਬਾਰੇ ਸੁਣਦਾ ਹੈ ਅਤੇ ਇਸਦੀ ਸਾਧਨਾ ਵਿਚ ਲੱਗਿਆ ਰਹਿੰਦਾ ਹੈ। (146)
ਜ਼ਿਆਦਾ ਕੀ ਆਖੀਏ ? ਪਰਮਾਤਮਾ ਵਿਚ ਸਮਿਯਕਤਵ ਦੀ ਪ੍ਰਮੁੱਖਤਾ ਦੇ ਕਾਰਨ ਹੀ ਤਾਂ ਦੇਵੇਂਦਰ, ਨਾਗੇਂਦਰ, ਨਰੇਂਦਰ ਅਤੇ ਗੰਦਰ ਇੰਦਰ, ਉਸ ਪ੍ਰਮਾਤਮਾ ਦੀ ਪੂਜਾ ਕਰਦੇ ਹਨ।(147)
ਅਵਸਰਪਿਣੀ ਕਾਲ ਦੇ ਦੋਸ਼ ਅਤੇ ਮਿਥਿਆਤਵ ਦੇ ਕਾਰਨ ਹੀ ਉਪਸ਼ਮ (ਨਾ ਖਤਮ ਹੋਣ ਵਾਲਾ) ਸਮਿਯਤਕਵ ਨਸ਼ਟ ਹੋ ਜਾਂਦਾ ਹੈ ਅਤੇ ਕਸ਼ਾਏ ਕਾਰਨ ਫਿਰ ਉਤਪੰਨ ਹੋ ਜਾਂਦਾ ਹੈ। (148)
ਮੂਲਗੁਣ, ਵਰਤ, ਤਪ, ਸਮਤਾ, ਪ੍ਰਤਿਮਾ, ਦਾਨ, ਪਾਣੀ ਛਾਣ ਕੇ ਪੀਣਾ, ਅਨਰਥ ਦੰਡ ਦਾ ਤਿਆਗ ਕਰਨਾ, ਸਮਿਯਕ ਦਰਸ਼ਨ, ਸਮਿਯਕ ਗਿਆਨ ਅਤੇ ਸਮਿਯਕ ਚਰਿੱਤਰ ਇਹ ਸ਼੍ਰਾਵਕ ਦੀਆਂ 53 ਕਿਰਿਆਵਾਂ ਆਖੀਆਂ ਗਈਆਂ ਹਨ। (149)
ਗਿਆਨ ਤੋਂ ਧਿਆਨ ਦੀ ਸਿੱਧੀ ਹੁੰਦੀ ਹੈ, ਧਿਆਨ ਦੀ ਸਿੱਧੀ ਤੋਂ ਕਰਮਾਂ ਦੀ ਨਿਰਜਰਾ (ਕਰਮ ਝੜਣ ਦੀ ਪ੍ਰਕ੍ਰਿਆ) ਹੁੰਦੀ ਹੈ। ਕਰਮਾਂ ਦੀ ਨਿਰਜਰਾ ਤੋਂ ਮੋਕਸ਼ ਮਿਲਦਾ ਹੈ। ਇਸ ਲਈ ਗਿਆਨ ਦਾ ਅਭਿਆਸ ਕਰਨਾ ਚਾਹੀਦਾ ਹੈ। (150)
ਕੁਸ਼ਲ ਮਨੁੱਖ ਨੂੰ ਤਪ, ਨਿਪੁਣ ਮਨੁੱਖ ਨੂੰ ਸੰਜਮ ਅਤੇ ਸੰਮਭਾਵੀ ਮਨੁੱਖ ਨੂੰ ਵੈਰਾਗ ਦੀ ਪ੍ਰਾਪਤੀ ਹੁੰਦੀ ਹੈ। ਪਰ ਸ਼ਾਸ਼ਤਰ ਗਿਆਨ ਦੀ ਭਾਵਨਾ ਕਰਨ ਵਾਲੇ ਮਨੁੱਖ ਨੂੰ ਇਨ੍ਹਾਂ ਤਿੰਨਾਂ ਦੀ ਪ੍ਰਾਪਤੀ ਹੁੰਦੀ ਹੈ। ਇਸ ਲਈ ਸ਼ਰੁਤ ਗਿਆਨ ਦੀ ਭਾਵਨਾ ਕਰਨੀ ਚਾਹੀਦੀ ਹੈ। (151)
ਇਸ ਪਰਿਵਰਤਨਸ਼ੀਲ ਸੰਸਾਰ ਵਿਚ ਮਿੱਥਿਆਤਵ ਦੇ ਕਾਰਨ ਜੀਵ ਅਨੰਤ ਕਾਲ ਤੱਕ ਘੁੰਮਦਾ ਹੈ। ਸਮਿਯਕਤਵ ਦੀ ਪ੍ਰਾਪਤੀ ਨਾ ਹੋਣ ਤੇ ਉਸਦਾ ਇਹ ਘੁੰਮਣਾ ਜਾਰੀ ਰਹਿੰਦਾ ਹੈ। (152)
ਜੀਵ ਜਦ ਸ਼ੁੱਧ ਸਮਿਯਕ ਦਰਸ਼ਨ ਪ੍ਰਾਪਤ ਕਰ ਲੈਂਦਾ ਤਾਂ ਉਹ ਗੁਪਤ ਰੂਪ ਵਿਚ ਸੁਖੀ ਹੋ ਜਾਂਦਾ ਹੈ, ਉਸਦਾ ਦੁੱਖ ਤਦ ਤੱਕ ਹੀ ਹੈ, ਜਦ ਤੱਕ ਉਸਨੂੰ ਸ਼ੁੱਧ ਸਮਿਯਕ ਦਰਸ਼ਨ ਪ੍ਰਾਪਤ ਨਹੀਂ ਹੁੰਦੇ। (153)
ਜ਼ਿਆਦਾ ਕੀ ਆਖੀਏ ? ਇਹ ਨਿਸ਼ਚਿਤ ਸਮਝੋ ਕਿ ਸਮਿਯਕਤਵ ਨਹੀਂ ਹੈ ਤਾਂ ਸਭ ਕੁੱਝ ਦੁੱਖ ਅਤੇ ਜੇ ਸਮਿਯਕਤਵ ਹੈ ਤਾਂ ਸਭ ਕੁੱਝ ਸੁੱਖ ਸਰੂਪ ਹੈ। (154)
ਨਿਕਸ਼ੇਪ, ਨਯ, ਪ੍ਰਮਾਣ, ਸ਼ਬਦ ਅਲੰਕਾਰ, ਛੰਦ, ਨਾਟਕ, ਪ੍ਰਾਣ ਆਦਿ ਦਾ ਗਿਆਨ ਅਤੇ ਸਾਰੇ ਬਾਹਰਲੇ ਕਰਮ ਸਮਿਯਕਤਵ ਤੋਂ ਬਿਨਾਂ ਜਨਮ ਮਰਨ ਦੇ ਚੱਕਰ ਦਾ ਕਾਰਨ ਹਨ। (155)
ਲੋਭ ਦੇ ਵੱਸ ਵਿਚ ਹੋ ਕੇ ਜੋ ਸਾਧੂ ਬਸਤੀ, ਪ੍ਰਤਿਮਾ, ਉਪਕਰਨ, ਗਣ, ਗੱਛ, ਜਾਤ, ਕੁਲ, ਚੇਲੇ ਪੜਚੇਲੇ, ਪੁੱਤਰ ਪੋਤੇ, ਕੱਪੜੇ, ਪੁਸਤਕ, ਮੋਰ ਪਿੱਛੀ, ਆਸਨ ਆਦਿ ਦੀਆਂ ਇੱਛਾਵਾਂ ਵਿਚ ਮਮਤਾ ਰੱਖਦਾ ਹੈ ਅਤੇ ਆਰਤ ਰੋਦਰ ਧਿਆਨ ਕਰਦਾ ਹੈ, ਉਸਨੂੰ ਨਾ ਸੁੱਖ ਮਿਲਦਾ ਹੈ ਨਾ ਮੁਕਤੀ। (156, 157)
ਮੁਕਤੀ ਮਾਰਗ ਦੇ ਰਾਹੀ ਦੇ ਲਈ ਰਤਨ ਤ੍ਰੈ ਹੀ ਗਣ ਅਤੇ ਗੱਛ ਹੈ। ਗੁਣਾਂ ਦਾ ਸਮੂਹ ਹੀ ਸੰਘ ਹੈ। ਨਿਰਮਲ ਆਤਮਾ ਹੀ ਬਿਨਾ ਸ਼ੱਕ ਸਮੇਂ (ਪ੍ਰਮਾਤਮਾ) ਹੈ। (158)



ਜਿਵੇਂ ਸੂਰਜ ਵਿਸ਼ਾਲ ਹਨੇਰੇ ਨੂੰ, ਹਵਾ ਬੱਦਲਾਂ ਨੂੰ, ਅੱਗ ਵਿਸ਼ਾਲ ਜੰਗਲ ਨੂੰ ਅਤੇ ਬਜਰ ਪਹਾੜ ਨੂੰ ਨਸ਼ਟ ਕਰ ਦਿੰਦਾ ਹੈ, ਉਸੇ ਤਰ੍ਹਾਂ ਸੱਮਿਯਕ ਦਰਸ਼ਨ ਕਰਮਾਂ ਨੂੰ ਨਸ਼ਟ ਕਰ ਦਿੰਦਾ ਹੈ। (159)
ਜਿਨੇਂਦਰ ਭਗਵਾਨ ਦਾ ਕਥਨ ਹੈ ਕਿ ਮਿਥਿਆਤਵ ਰੂਪੀ ਹਨੇਰੇ ਤੋਂ ਰਹਿਤ ਆਪਣੇ ਦਿਲ ਵਿਚ ਸਮਿਯਕਤਵ ਦਾ ਰਤਨ ਰੂਪੀ ਦੀਵਾ ਜਲਾਉਂਦਾ ਹੈ, ਉਹ ਤਿੰਨ ਲੋਕਾਂ ਨੂੰ ਵੇਖ ਸਕਦਾ ਹੈ। (160)
ਜਿਨਵਾਣੀ ਦੇ ਅਭਿਆਸ ਤੋਂ ਪ੍ਰਮਾਤਮਾ ਦਾ ਧਿਆਨ ਪ੍ਰਾਪਤ ਹੁੰਦਾ ਹੈ, ਪ੍ਰਮਾਤਮਾ ਦਾ ਧਿਆਨ ਕਰਮ ਖਾਤਮੇ ਦਾ ਕਾਰਨ ਬਣਦਾ ਹੈ। ਕਰਮ ਖਤਮ ਹੋਣ ਤੇ ਨਿਸ਼ਚਿਤ ਹੀ ਮੋਕਸ਼ ਸੁੱਖ ਦੀ ਪ੍ਰਾਪਤੀ ਹੁੰਦੀ ਹੈ। (161)
ਮਨ ਵਚਨ ਕਾਇਆ ਦੀ ਸ਼ੁੱਧਤਾ ਦੇ ਨਾਲ ਧਰਮ ਧਿਆਨ ਦਾ ਅਭਿਆਸ ਕਰਨਾ ਪ੍ਰਮਾਤਮਾ ਦੇ ਧਿਆਨ ਵਿਚ ਸਥਿਤ ਹੋਣਾ ਹੈ। ਇਸ ਨਾਲ ਕਰਮਾਂ ਦਾ ਨਾਸ਼ ਹੁੰਦਾ ਹੈ। (162)
ਜਿਸ ਪ੍ਰਕਾਰ ਬਹੁਤ ਸਫਾਈ ਨਾਲ ਸੋਨਾ ਸ਼ੁੱਧ ਬਣਦਾ ਹੈ, ਉਸੇ ਤਰ੍ਹਾਂ ਕਾਲ ਲਬਧੀ (ਸਮਾਂ) ਨਾਲ ਆਤਮਾ ਪ੍ਰਮਾਤਮਾ ਬਣਦੀ ਹੈ। (163)
ਜਿਵੇਂ ਕਾਮਧੇਨੂੰ ਗਾਂ ਕਲਪ ਬਿਰਖ, ਚਿੰਤਾਮਨੀ ਅਤੇ ਸੋਨਾ ਬਣਾਉਣ ਵਾਲੇ ਰਸਾਇਣ ਨੂੰ ਪਾ ਕੇ ਮਨੁੱਖ ਉਚੇ ਸੁੱਖਾਂ ਨੂੰ ਭੋਗਦਾ ਹੈ, ਉਸੇ ਪ੍ਰਕਾਰ ਸਮਿਯਕ ਦਰਸ਼ਨ ਨੂੰ ਪਾ ਕੇ ਜੀਵ ਸੰਸਾਰਿਕ ਅਤੇ ਮੁਕਤੀ ਦੇ ਪਰਮ ਸੁੱਖ ਨੂੰ ਭੋਗਦਾ ਹੈ। (164)

# ਸਾਰ (ਪ੍ਰਸ਼ਸਤੀ)

ਇਹ ਰਯਨਸਾਰ ਗ੍ਰੰਥ ਸਮਿਯਕ ਦਰਸ਼ਨ, ਗਿਆਨ, ਵੈਰਾਗ, ਤਪ ਦੀ ਭਾਵਨਾ, ਤਿਆਗ, ਚਰਿੱਤਰ, ਗੁਣਸ਼ੀਲ ਅਤੇ ਆਤਮ ਸੁਭਾਵ ਨੂੰ ਉਤਪੰਨ ਕਰਨ ਵਾਲਾ ਹੈ। (165)

ਜੋ ਮਨੁੱਖ ਜਿਨੇਂਦਰ ਦੇਵ ਰਾਹੀਂ ਆਖੇ ਇਸ ਗ੍ਰੰਥ ਨੂੰ ਨਾ ਤਾਂ ਮੰਨਦਾ ਹੈ, ਨਾ ਸੁਣਦਾ ਹੈ, ਨਾ ਪੜ੍ਹਦਾ ਹੈ, ਨਾ ਚਿੰਤਨ ਕਰਦਾ ਹੈ, ਨਾ ਇਸਦੀ ਭਾਵਨਾ ਕਰਦਾ ਹੈ, ਉਹ ਮਿੱਥਿਆ ਦ੍ਰਿਸ਼ਟੀ ਹੈ। (166)

ਜੋ ਮਨੁੱਖ ਸੱਜਣਾਂ ਰਾਹੀਂ ਪੂਜਾ ਨੂੰ ਪ੍ਰਾਪਤ ਇਸ ਰਯਣਸਾਰ ਗ੍ਰੰਥ ਦਾ ਹਮੇਸ਼ਾ ਆਲਸ ਰਹਿਤ ਹੋ ਕੇ ਪੜ੍ਹਦਾ, ਸੁਣਦਾ ਅਤੇ ਇਸਦੀ ਭਾਵਨਾ ਕਰਦਾ ਹੈ, ਉਹ ਮੋਕਸ਼ ਨੂੰ ਪ੍ਰਾਪਤ ਕਰਦਾ ਹੈ।

# ਔਖੇ ਸ਼ਬਦਾਂ ਦੇ ਅਰਥ

| | |
|---|---|
| ਅਵਿਰਤ ਸਮਿਯਕ ਦ੍ਰਿਸ਼ਟੀ | ਸੰਜਮ ਰਹਿਤ ਸਮਿਯਕ ਦ੍ਰਿਸ਼ਟੀ ਮਨੁੱਖ/ਅਸੰਜਮੀ |
| ਅਣੁਵਰਤ | ਹਿੰਸਾ, ਝੂਠ, ਚੋਰੀ, ਕੁਸ਼ੀਲ ਅਤੇ ਪਰਿਗ੍ਰਹਿ ਇਨ੍ਹਾਂ ਪੰਜ ਪਾਪਾਂ ਦਾ ਮੋਟੇ ਰੂਪ ਵਿਚ ਤਿਆਗ |
| ਅਕਸ਼ ਭ੍ਰਮਣ | ਗੱਡੀ ਚਲਾਉਣ ਦੇ ਲਈ ਧੁਰੇ ਵਿਚ ਤੇਲ ਪਾਉਣ ਦੀ ਤਰ੍ਹਾਂ। ਇਕ ਦਮ ਜ਼ਰੂਰਤ ਲਈ |
| ਅਤਿਚਾਰ | ਸ਼ੰਕਾ, ਕਾਂਕਸ਼ਾ (ਦੂਸਰੇ ਧਰਮਾਂ ਦੀ ਇੱਛਾ ਕਰਨਾ) ਵਿਚਿਕਿਤਸਾ (ਇਸ ਕਿਸਮ ਦੀ ਸੋਚ ਕਿ ਕੰਮ ਹੋਵੇਗਾ ਜਾਂ ਨਹੀਂ, ਪ੍ਰਤੱਖ ਵਿਚ ਇਹ ਕਿ ਇਸਦਾ ਫਲ ਮਿਲੇਗਾ ਜਾਂ ਨਹੀਂ, ਸਾਧੂ ਦੇ ਗੰਦੇ ਸ਼ਰੀਰ ਨੂੰ ਵੇਖਕੇ ਨਫ਼ਰਤ ਕਰਨਾ) ਅਨਯ ਦ੍ਰਿਸ਼ਟੀ ਪ੍ਰਸ਼ੰਸ਼ਾ (ਮਿੱਥਿਆ ਦ੍ਰਿਸ਼ਟੀ ਦੇ ਗਿਆਨ ਅਤੇ ਚਰਿੱਤ੍ਰ ਦੀ ਪ੍ਰਸ਼ੰਸ਼ਾ ਕਰਨਾ) ਅਨਯ ਦ੍ਰਿਸ਼ਟੀ ਸੰਸਤਵ (ਪ੍ਰਸ਼ੰਸ਼ਾ ਵਾਲੇ ਮਨ ਤੋਂ ਅਤੇ ਸੰਸਤਵ ਸਤੁਤੀ ਵਚਨ ਰਾਹੀਂ ਹੁੰਦੀ ਹੈ) ਇਹ ਪ੍ਰਕਾਰ ਕੁੱਲ ਪੰਜ ਅਤਿਚਾਰ ਹਨ। |
| ਅੱਠ ਗੁਣ | ਨਿਸ਼ੰਕਿਤ (ਭੈ ਰਹਿਤ), ਨਿਕਾਂਸ਼ਿਤ (ਇੱਛਾ ਰਹਿਤ), ਨਿਰਵਿਚਿਕਿਸਾ (ਨਫਰਤ ਰਹਿਤ), ਅਮੂੜ ਦ੍ਰਿਸ਼ਟੀ (ਜੀਵ-ਅਜੀਵ ਤਤਵਾਂ ਪ੍ਰਤੀ ਸ਼ਰਧਾ ਨਾ ਕਰਨਾ), ਉਪਗੂਹਨ (ਆਪਣੀ ਭਗਤੀ ਨੂੰ ਜਾਹਰ ਨਾ ਕਰਨਾ), ਸਥਿਤੀਕਰਨ (ਅਗਿਆਨੀਆਂ ਨੂੰ ਧਰਮ ਵਿਚ ਸਥਿਰ ਕਰਨਾ), ਵਾਤਸਲਯ (ਸਵੈ ਧਰਮੀਆਂ ਪ੍ਰਤੀ ਸਵਾਰਥ ਰਹਿਤ ਪਿਆਰ ਅਤੇ ਉਨ੍ਹਾਂ ਦੀ ਮਦਦ ਕਰਨਾ), ਪ੍ਰਭਾਵਨਾ (ਧਰਮ ਦਾ ਪ੍ਰਚਾਰ ਪ੍ਰਸਾਰ) |
| ਆਰੰਭ | ਪ੍ਰਾਣੀਆਂ ਨੂੰ ਦੁੱਖ ਪਹੁੰਚਾਉਣ ਵਾਲੀ ਵਿਰਤੀ। ਖੇਤੀ, ਨੌਕਰੀ ਆਦਿ ਵਿਚ ਹੋਣ ਵਾਲਾ ਛੋਟਾ ਸੰਗ੍ਰਹਿ। |



| | |
|---|---|
| ਇੰਦਰਾਯਨ | ਇਕ ਵੇਲ ਦਾ ਫਲ ਜੋ ਵੇਖਣ ਵਿਚ ਸੁੰਦਰ ਪਰ ਸੁਆਦ ਵਿਚ ਕੌੜਾ ਹੁੰਦਾ ਹੈ। |
| ਉਤਰ ਪ੍ਰਕ੍ਰਿਤੀ | ਅੱਠ ਮੂਲ ਪ੍ਰਕਿਰਤੀਆਂ ਦੇ ਵੱਖ-ਵੱਖ ਭੇਦ, ਉਤਰ ਪ੍ਰਕਿਰਤੀਆਂ ਕੁੱਲ 148 ਮੰਨੀਆਂ ਗਈਆਂ ਹਨ। |
| ਉਤਰੋਤਰ ਪ੍ਰਕਿਰਤੀ | ਉਤਰੋਤਰ ਪ੍ਰਕਿਰਤੀ ਰੂਪ ਦ੍ਰਵ ਕਰਮ |
| ਕਿੰਪਾਕ | ਇਕ ਫਲ |
| ਕੁੱਤਾ ਸੁਭਾਵੀ | ਸਹਿਧਰਮੀ ਨੂੰ ਵੇਖਕੇ ਭੌਂਕਣ ਵਾਲਾ |
| ਕਛੂਆ ਸੁਭਾਵੀ | ਜਿਸ 'ਤੇ ਧਰਮ ਦਾ ਕੋਈ ਅਸਰ ਨਾ ਹੋਵੇ, ਕੱਛੂ ਦੀ ਸਖਤ ਪਿੱਠ ਦੀ ਤਰ੍ਹਾਂ |
| ਗਧਾ ਸੁਭਾਵੀ | ਜੜ੍ਹ ਤੋਂ ਉਖਾੜਣ ਵਾਲੇ। ਗਧਾ ਘਾਹ ਨੂੰ ਜੜ੍ਹ ਤੋਂ ਉਖਾੜ ਕੇ ਖਾਂਦਾ ਹੈ। |
| ਗਜ ਸੁਭਾਵੀ | ਹਾਥੀ ਦੀ ਤਰ੍ਹਾਂ ਮਸਤ ਰਹਿਣ ਵਾਲਾ |
| ਗੋਚਰੀ | ਜਿਵੇਂ ਗਊ ਦੀ ਨਜ਼ਰ ਘਾਹ 'ਤੇ ਰਹਿੰਦੀ ਹੈ, ਘਾਹ ਪਾਉਣ ਵਾਲੇ ਤੇ ਨਹੀਂ, ਉਸੇ ਪ੍ਰਕਾਰ ਭੋਜ ਤੇ ਦ੍ਰਿਸ਼ਟੀ ਰਹੇ, ਭੋਜਨ ਦੇਣ ਵਾਲੇ ਹੈਸੀਅਤ ਤੇ ਨਹੀਂ। |
| ਚਾਰ ਗਤੀਆਂ | ਦੇਵਤਾ, ਮਨੁੱਖ, ਤ੍ਰੈਯੰਚ (ਪਸ਼ੂ ਪੰਛੀ) ਅਤੇ ਨਰਕ |
| ਚੌਦਾਂ ਰਤਨ | ਚੱਕਰ, ਛਤਰ, ਅਸੀ, ਮਨੀ, ਚਰਮ, ਕਾਂਕਣੀ, ਦੰਡ, ਸੈਨਾਪਤੀ, ਗ੍ਰਹਿਪਤੀ, ਹਾਥੀ, ਘੋੜਾ, ਇਸਤਰੀ, ਸ਼ਿਲਾਵਟ, ਪੁਰੋਹਿਤ। ਸੱਤ ਅਜੀਬ ਅਤੇ ਸੱਤ ਸਜੀਵ ਰਤਨ ਚੱਕਰਵਰਤੀ ਦੇ ਹੁੰਦੇ ਹਨ। ਰਤਨ ਗਿਣਤੀ ਵਿਚ ਪੰਜ, ਨੌਂ ਜਾਂ ਚੌਦਾਂ ਦੱਸੇ ਗਏ ਹਨ-ਪੰਜ ਰਤਨ, ਨਵਰਤਨ, ਚਤੁਰਦਸ ਰਤਨ। |
| ਛੇ ਪ੍ਰਕਾਰ ਦੀ ਸੈਨਾ | ਹਾਥੀ, ਘੋੜਾ, ਰਥ ਅਤੇ ਪੈਦਲ ਇਸ ਸੈਨਾ ਨੂੰ ਚਤਰੰਗੀ ਸੈਨਾ ਆਖਦੇ ਹਨ। ਹਾਥੀ ਸਵਾਰ ਅਤੇ ਘੋੜ ਸਵਾਰ ਆਦਿ ਮਿਲਾਕੇ ਛੇ ਪ੍ਰਕਾਰ ਦੀ ਫੌਜ ਬਣਦੀ ਹੈ। |
| ਛੇ ਦ੍ਰਵ | ਜੀਵ, ਪੁਦਗਲ, ਧਰਮ (ਚਲਣ ਵਿਚ ਸਹਾਇਕ ਦ੍ਰਵ), ਅਧਰਮ (ਰੁਕਣ ਵਿਚ ਸਹਾਇਕ ਦ੍ਰਵ) ਅਕਾਸ਼ (ਸਾਰੇ |

| | |
|---|---|
| | ਦ੍ਰਵਾਂ ਨੂੰ ਸਹਾਰਾ ਦੇਣ ਵਾਲਾ ਦ੍ਰਵ) ਅਤੇ ਕਾਲ (ਸਮਾਂ) |
| ਜੋਂਕ ਦੇ ਸੁਭਾਅ ਵਾਲਾ | ਚਿਪਕ ਕੇ ਖੂਨ ਚੂਸਣ ਵਾਲਾ ਸੁਭਾਅ |
| ਤਿੰਨ ਸ਼ਲਯ | ਮਿੱਥਿਆ ਦਰਸ਼ਨ (ਗਤਲ ਵਿਸ਼ਵਾਸ਼), ਮਾਇਆ (ਧੋਖਾ), ਨਿਦਾਨ |
| ਤਿੰਨ ਦੋਸ਼ | ਰਾਗ, ਦਵੇਸ਼ ਅਤੇ ਮੋਹ |
| ਤਿੰਨ ਦੰਡ | ਮਨ, ਵਚਨ ਅਤੇ ਕਾਇਆ |
| ਤਿੰਨ ਗਾਰਵ | ਸ਼ਬਦ, ਰਿੱਧੀ ਅਤੇ ਹੋਰ ਸੱਤ ਗੌਰਵ ਭਾਵ ਉਚਾਰਣ ਦਾ ਗਰਵ, ਚੇਲਿਆਂ ਦੀ ਸੰਖਿਆ ਦਾ ਗਰਵ, ਗ੍ਰੰਥ, ਕੁਮੰਡਲ, ਮੋਰ ਪਿੱਛੀ ਦਾ ਗਰਵ ਅਤੇ ਹੋਰ ਚੰਗੇ ਭੋਜਨ ਪਾਣੀ ਦੇ ਸੁਆਦ ਸੁਖ ਦਾ ਗਰਵ |
| ਤਿੰਨ ਗੁਪਤੀ | ਮਨ, ਵਚਨ ਅਤੇ ਕਾਇਆ ਗੁਪਤੀ (ਗੁਪਤੀ ਤੋਂ ਭਾਵ ਮਨ, ਵਚਨ ਤੇ ਕਾਇਆ ਦੀਆਂ ਅਸ਼ੁਭ ਵਿਰਤੀਆਂ ਨੂੰ ਰੋਕਣਾ) |
| ਤਿੰਨ ਕਰਣ | ਕਰਣਅ ਰਥਾਤਿ ਇੰਦਰੀਆਂਜ ਂਸ਼_ਭ-ਅਸ਼ੁਭਿ ਸੱਟੇ। ਕਰਣ ਤਿੰਨ ਹਨ-ਅਧ ਪ੍ਰਵਿਰਤ ਕਰਨ, ਅਪੂਰਵ ਕਰਣ ਅਤੇ ਅਨਿਵਰਤੀ ਕਰਣ। |
| ਤਿੰਨ ਯੋਗ | ਮਨ ਯੋਗ, ਵਚਨ ਯੋਗ, ਕਾਇਆ ਯੋਗ |
| ਦਾਨ ਦੇ ਸੱਤ ਖੇਤਰ | ਜਿਨ (ਜੈਨ), ਜਿਨ (ਜੈਨ) ਮੂਰਤੀ, ਜਿਨ (ਜੈਨ) ਸ਼ਾਸਤਰ, ਸਾਧੂ ਸਾਧਵੀ, ਸ਼ਰਾਵਕ-ਸ਼ਰਾਵਿਕਾ |
| ਦੇਸ਼ ਵ੍ਰਤੀ | ਹਿੰਸਾ ਆਦਿ ਤੋਂ ਬਚਣ ਦੇ ਲਈ ਆਪਣੇ ਘੁੰਮਣ ਦੇ ਭੁਗੋਲਿਕ ਖੇਤਰ ਦੀ ਸੀਮਾ ਤੈਅ ਕਰਨਾ ਦਿਗਵ੍ਰਤੀ ਹੈ। ਦੇਸ਼ਵ੍ਰਤੀ ਆਪਣੇ ਭੁਗੋਲਿਕ ਸੀਮਾ ਦੇ ਨਾਲ ਸਮਾਂ ਵੀ ਤੈਅ ਕਰਦਾ ਹੈ, ਜਿਵੇਂ ਆਪਣੇ ਸ਼ਹਿਰ ਤੋਂ ਬਾਹਰ ਨਹੀਂ ਜਾਣਾ, ਪਰ ਇਕ ਸਾਲ ਲਈ |
| ਨੌ ਨਿਧੀ | ਪਦਮ, ਕਾਲ, ਮਹਾਂਕਾਲ, ਸਰਵਰਤਨ, ਪਾਂਡੁਕ, ਨੈਸਪ੍ਰਯ, ਮਾਣਵ, ਸ਼ੰਖ ਅਤੇ ਪਿੰਗਲ |
| ਨੌ ਪਦਾਰਥ | ਜੀਵ, ਅਜੀਵ, ਆਸ਼ਰਵ (ਕਰਮ ਦਾ ਆਉਣਾ), ਬੰਧ |



| | |
|---|---|
| | (ਕਰਮ ਬੰਧਨ), ਸੰਵਰ, ਨਿਰਜਰਾ (ਕਰਮ ਦੇ ਝੜਣ ਦੀ ਪ੍ਰਕਿਰਿਆ), ਮੋਕਸ਼, ਪੁੰਨ ਅਤੇ ਪਾਪ |
| ਪੰਜ ਪਰਾਵਰਤਨ | ਦ੍ਰਵ, ਖੇਤਰ, ਕਾਲ, ਭਵ ਅਤੇ ਭਾਵ |
| ਪੰਜ ਅਸਤੀਕਾਏ | ਜੀਵ, ਪੁਦਗਲ, ਧਰਮ, ਅਧਰਮ ਅਤੇ ਅਕਾਸ਼ |
| ਭੈਅ | ਇਹ (ਇਸ ਸੰਸਾਰ ਦਾ), ਭੈਅ, ਪਰਲੋਕ, ਵੇਦਨਾ, ਮਰਨ, ਅਚਾਨਕ, ਅਰੱਖਿਆ ਅਤੇ ਆਗੁਪਤੀ। ਕੁੱਲ ਸੱਤ ਪ੍ਰਕਾਰ ਦੇ ਭੈਅ ਹਨ। |
| ਬਾਂਦਰ ਸੁਭਾਵੀ | ਅਸਥਿਰ ਪ੍ਰਕਿਰਤੀ, ਚੰਚਲ ਸੁਭਾਅ ਵਾਲਾ |
| ਬਾਰਾਂ ਅਨੁਪ੍ਰੇਕਸ਼ਾਵਾਂ | ਅਨਿਤਯ, ਅਚਰਨ, ਸੰਸਾਰ, ਏਕਤਵ, ਅਨਿਯਤਵ, ਅਸੁਚੀ, ਆਸ਼ਰਵ, ਸੰਵਰ, ਨਿਰਜਰਾ, ਲੋਕ, ਬੋਧੀ ਦੁਰਲਭ ਅਤੇ ਧਰਮ |
| ਬਾਈ ਪਰਿਸ਼ਯ | ਕਰਮਾਂ ਦੀ ਨਿਰਜਰਾ ਵਿਚ ਲੱਗੇ ਸਾਧਕ ਨੂੰ ਜਿਨ੍ਹਾਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਸਨੂੰ ਪਰਿਸ਼ਯ ਆਖਦੇ ਹਨ। ਇਨ੍ਹਾਂ ਦੀ ਸੰਖਿਆ 22 ਆਖੀ ਗਈ ਹੈ। ਭੁੱਖ, ਪਿਆਸ, ਠੰਡ, ਗਰਮੀ, ਮੱਛਰ ਦਾ ਕੱਟਣਾ, ਨਗਨ ਰਹਿਣਾ, ਅਰਤਿ, ਇਸਤਰੀ ਪਰਿਸ਼ੈ, ਚਰਯਾ (ਚਲਦੇ ਸਮੇਂ ਪੈਰ ਦੇ ਹੇਠਾਂ ਕੰਕਰ ਪੱਥਰ ਆਉਣ ਨਾਲ ਹੋਣ ਵਾਲਾ ਦੁੱਖ), ਨਿਸ਼ਧਾ, ਸ਼ੈਯਾ, ਆਕ੍ਰੋਸ਼, ਵਧ, ਯਾਚਨਾ, ਅਲਾਭ, ਰੋਗ, ਤ੍ਰਣ ਸਪਰਸ਼, ਸਤਿਕਾਰ-ਸਨਮਾਨ, ਮਲ, ਪ੍ਰਗਿਯਾ, ਅਗਿਆਨ, ਅਦਰਸ਼ਨ (ਤਪੱਸਿਆ ਦਾ ਫਲ ਨਾ ਮਿਲਣਾ) |
| ਮਲ ਦੋਸ਼ | ਸੰਕਾ, ਕਾਂਕਸ਼ਾ, ਵਿਚਿਕਿਤਸਾ, ਮੂੜ ਦ੍ਰਿਸ਼ਟੀ, ਅਨੁਪਗੂਹਨ, ਅਸਥਿਤੀਕਰਨ, ਅਵਾਤਸਲਯ, ਅਪ੍ਰਭਾਵਨਾ ਦੋਸ਼। ਕੁੱਲ ਅੱਠ ਦੋਸ਼ |
| | ਗਿਆਨ, ਪੂਜਾ/ਆਗਿਆ/ਪ੍ਰਤਿਸ਼ਠਾ, ਕੁਲ, ਜਾਤ, ਸ਼ਕਤੀ, ਐਸ਼ਵਰਿਆ, ਤਪ ਅਤੇ ਸ਼ਰੀਰ ਦਾ ਹੰਕਾਰ। ਕੁੱਲ ਅੱਠ ਮਦ |

| | |
|---|---|
| | ਕੁਗੁਰੂ, ਕੁਦੇਵ, ਕੁਧਰਮ ਅਤੇ ਇਨ੍ਹਾਂ ਤਿੰਨਾਂ ਦੇ ਵੱਖ-ਵੱਖ 3 ਸੇਵਕ। ਕੁੱਲ ਛੇ ਅਨਾਯਤਨ।<br>ਦੇਵਮੂੜਤਾ, ਗੁਰੂ ਮੂੜਤਾ, ਲੋਕ ਮੂੜਤਾ, ਕੁੱਲ ਤਿੰਨ ਮੂੜਤਾ<br>ਇਹ 25 ਮਲ ਦੋਸ਼ ਹਨ। |
| ਮੱਖੀ ਸੁਭਾਵੀ | ਲੋਭੀ ਸੁਭਾਵ ਵਾਲਾ |
| ਮਹਾਂਵਰਤੀ | ਝੂਠ, ਹਿੰਸਾ, ਚੋਰੀ, ਕੁਸ਼ੀਲ ਅਤੇ ਪਰਿਗ੍ਰਹਿ ਦਾ ਬਿਨਾ ਕਿਸੇ ਪੂਰਨ ਰੂਪ ਵਿਚ ਤਿਆਗ ਕਰਨ ਵਾਲਾ। |
| ਮੂਲ ਪ੍ਰਕਿਰਤੀ | ਕਰਮ ਪ੍ਰਕਿਰਤੀ ਦੇ ਭੇਦ, ਕਰਮ ਅੱਠ ਹਨ, ਗਿਆਰਾਂ ਵਰਨੀਆਂ, ਦਰਸ਼ਨਾ ਵਰਣੀਆਂ, ਵੇਦਨੀਆਂ, ਮੋਹਨੀਆਂ, ਅੰਤਰਾਏ, ਆਯੁਸ਼, ਚਰਿੱਤਰ, ਨਾਮ ਕਰਮ<br>ਗਿਆਰਾਂ ਵਰਨੀ ਆਦਿ ਅੱਠ ਕਰਮਾਂ ਦੀ ਅੱਠ ਮੂਲ ਪ੍ਰਕਿਰਤੀਆਂ ਜੋ ਮੂਲ ਸੁਭਾਅ ਨੂੰ ਢਕਣ ਦਾ ਕੰਮ ਕਰਦੀਆਂ ਹਨ। |
| ਮੂੜਤਾ | ਇਸਦੇ ਤਿੰਨ ਭੇਦ ਹਨ-ਲੋਕ ਮੂੜਤਾ (ਸੰਸਾਰਿਕ ਵਿਸ਼ਵਾਸਾਂ ਨੂੰ ਮੁਕਤੀ ਦਾ ਕਾਰਨ ਮੰਨਣਾ) ਦੇਵ ਮੂੜਤਾ (ਅਦੇਵ ਜਾਂ ਕੁਦੇਵਾਂ ਨੂੰ ਦੇਵਤਾ ਮੰਨਣਾ) ਅਤੇ ਗੁਰੂ ਮੂੜਤਾ (ਮੰਤਰ-ਤੰਤਰ) ਜੋਤਿਸ਼ ਆਦਿ ਨਾਲ ਮਨ ਵਿਚ ਖਿੱਚ ਪੈਦਾ ਕਰਨ ਵਾਲੇ ਅਗੁਰੂਆਂ ਨੂੰ ਗੁਰੂ ਮੰਨਣਾ। |
| ਸ਼੍ਰਾਵਕ ਦੀਆਂ 53 ਕਿਰਿਆਵਾਂ | ਅੱਠ ਮੂਲ ਗੁਣ (ਤਿੰਨ ਮਕਾਰ ਭਾਵ ਸ਼ਰਾਬ, ਮਾਂਸ ਅਤੇ ਸ਼ਹਿਦ ਅਤੇ ਪੰਜ ਨਾ ਵਰਤਣਯੋਗ ਫਲ) ਪਿੱਪਲ, ਬਰੋਟਾ, ਗੁਲਰ, ਪਾਕਰ ਅਤੇ ਕਟਹਲ ਦਾ ਤਿਆਗ<br>12 ਵਰਤ (5 ਅਣੁਵਰਤ, 3 ਗੁਣਵਰਤ, 4 ਸਿੱਖਿਆ ਵਰਤ)<br>12 ਪ੍ਰਕਾਰ ਦਾ ਤਪ (6 ਪ੍ਰਕਾਰ ਦਾ ਅੰਦਰਲਾ, 6 ਪ੍ਰਕਾਰ ਦਾ ਬਾਹਰਲਾ)<br>11 ਪ੍ਰਤਿਮਾ |



| | |
|---|---|
| | 4 ਦਾਨ (ਭੋਜਨ, ਦਵਾਈ, ਸ਼ਾਸ਼ਤਰ ਅਤੇ ਭੈਅ ਰਹਿਤ)<br>ਸਮਤਾ ਭਾਵ, ਪਾਣੀ ਛਾਣਕੇ ਪੀਣਾ, ਰਾਤ ਦੇ ਭੋਜਨ ਦਾ ਤਿਆਗ, ਕੁੱਲ ਤਿੰਨ<br>ਸਮਿਯਕ ਦਰਸ਼ਨ (ਸਹੀ ਸ਼ਰਧਾ, ਵਿਸ਼ਵਾਸ਼ ਅਤੇ ਵੇਖਣਾ) ਸਮਿਯਕ ਗਿਆਨ (ਸਹੀ ਗਿਆਨ)<br>ਸਮਿਯਕ ਚਰਿੱਤਰ (ਸਹੀ ਢੰਗ ਨਾਲ ਮੁਨੀ ਧਰਮ ਅਤੇ ਜਾਂ ਗ੍ਰਹਿਸਥ ਧਰਮ ਦਾ ਪਾਲਣ ਕਰਨਾ)<br>ਇਸ ਪ੍ਰਕਾਰ 53 ਭੇਦ ਹਨ। |
| ਸ਼ਵਭ੍ਰੂਪੂਰਨ | ਆਪਣੇ ਪੇਟ ਨੂੰ ਭਰਨ ਦਾ ਵੀ ਉਦੇਸ਼ ਹੈ। |
| ਸ਼ਟ ਅਵੱਸ਼ਕ | ਦੇਵ ਪੂਜਾ, ਗੁਰੂ ਭਾਸ਼ਨਾ, ਸਵਾਧਿਆਏ, ਸੰਜਮ, ਤਪ ਅਤੇ ਦਾਨ |
| ਸਪਤਾਂਗ ਰਾਜ | ਰਾਜਾ, ਮੰਤਰੀ, ਮਿੱਤਰ, ਖਜਾਨਾ, ਦੇਸ਼, ਕਿਲਾ ਅਤੇ ਫੌਜ |
| ਸੱਤ ਤੱਤ | ਜੀਵ, ਅਜੀਵ, ਆਸ਼ਰਵ, ਬੰਧ, ਸੰਵਰ, ਨਿਰਜਰਾ ਅਤੇ ਮੋਕਸ਼ |
| ਵਸਤੀ | ਸਾਧੂ ਦੇ ਠਹਿਰਣ ਦਾ ਟਿਕਾਣਾ ਜਾ ਨਿਵਾਸ |
| ਵਯਸਨ | ਜੂਆ ਖੇਡਣਾ, ਮਾਂਸ ਖਾਣਾ, ਸ਼ਰਾਬ ਪੀਣਾ, ਸ਼ਿਕਾਰ ਖੇਡਣਾ, ਵੈਸ਼ਯਾ ਗਮਨ, ਚੋਰੀ ਕਰਨਾ, ਪਰਾਈ ਔਰਤ ਨਾਲ ਸੰਬੰਧ ਬਣਾਉਣਾ। |
| ਵਿਕਥਾ | ਇਸਤਰੀ, ਰਾਜਾ, ਭੋਜਨ, ਕਲੇਸ਼, ਚੁਗਲੀ ਆਦਿ ਵਿਸ਼ਿਆਂ ਤੇ ਕੇਂਦਰਿਤ ਲੋਕਿਕ ਕਥਾਵਾਂ। |